AKHAND KIRTANI JATHA (REGD.)

# ਆਤਮ ਰੰਗ

AKHAND KIRTANI JATHA (REGD.)

ਜਿਲਦ ੨੪ ਸਤੰਬਰ 2023 ਭਾਦਰੋਂ-ਅੱਸੂ 555 ਨਾਨਕਸ਼ਾਹੀ September 2023 ਅੰਕ 9

## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



ਜਿਥੈ ਜਾਇ ਬਹੈ ਮੇਰਾ ਸਤਿਗੁਰੂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ 16 ਸਤੰਬਰ 2023 ਨੂੰ ਸਾਰਾ ਜਗਤ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾ ਰਿਹਾ ਹੈ।

**ਰਾਮ ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥**
**ਭਗਤਿ ਭਾਇ ਹਰਿ ਕੀਰਤਨੁ ਕਰੀਐ ।॥**








ਬੀਬੀ ਕੁਲਵੰਤ ਕੌਰ ਜੀ ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਤੇ ਮਾਤਾ ਜੀ ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ, ਆਤਮ ਰੰਗ ਮੈਗਜੀਨ ਤੇ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਜੋ ਮਿਤੀ 20.07.2023 ਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਣਾਂ ਵਿੱਚ ਜਾ ਬਿਰਾਜੇ ਹਨ। ਬੀਬੀ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਗ੍ਰਿਹ ਵਿਖੇ ਮਿਤੀ 19.08.2023 ਨੂੰ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਅਖੰਡ ਕੀਰਤਨ ਸਮਾਗਮ ਕਰਵਾਏ ਗਏ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਉਨ੍ਹਾਂ ਨੂੰ ਅਸੀਸਾਂ, ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸ, ਜੋਦੜੀਆਂ ਕੀਤੀਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਜਿਲਦ ੨੪ ਸਤੰਬਰ 2023 ਭਾਦਰੋਂ-ਅੱਸੂ 555 ਨਾਨਕਸ਼ਾਹੀ September 2023 ਅੰਕ 9


## ਬਾਨੀ ਤੇ ਸਾਬਕਾ ਮੁੱਖ ਸੰਪਾਦਕ



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ


**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**


*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬੰਦੇ ਵਾਹਿਗੁਰੂ ਵਾਹਿਗੁਰੂ ਬੋਲ 5
  *- ਭਾਈ ਤੇਗ ਬਹਾਦਰ ਸਿੰਘ ਤੇਗ*
- ਬਾਰਹ ਮਾਹ ਕਥਾ 6
  *- (ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *- ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸ੍ਰੀ ਗੁਰੂ ਅਮਰਦਾਸ ਜੀ 9
  *- ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ*
- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ 12
  *- ਪ੍ਰਿੰਸੀਪਲ ਇੰਦਰ ਕੌਰ ਜੀ*
- ਪਰਗਟ ਗੁਰਾਂ ਦੀ ਦੇਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 16
  *- ਭਾਈ ਕੌਰ ਸਿੰਘ ਜੀ*
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲਿਆ ਗਿਆ ਪਹਿਲਾ ਹੁਕਮਨਾਮਾ 18
- ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਅੱਜ ਦਾ ਵਾਤਾਵਰਣ 19
  *- ਭਾਈ ਮਨਮੋਹਣ ਸਿੰਘ ਜੀ ਬੱਲ*
- ਧੁਰ ਕੀ ਬਾਣੀ ਆਈ 20
  *- ਬੀਬੀ ਅਜੀਤ ਕੌਰ ਜੀ*
- ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 22
  *- ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ 26
- ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 30
  *- ਭਾਈ ਜਸਬੀਰ ਸਿੰਘ ਜੀ ਖਾਲਸਾ (ਵੇਰਕਾ)*
- ਗੁਰੂ ਗ੍ਰੰਥ ਤੇ ਨਵੀਂ ਸੰਸਕ੍ਰਿਤੀ 33
  *- ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ*
- ਨਾਮ ਰਸੀਏ ਤੇ ਗੁਰੂ ਭਾਣੇ ਵਿਚ ਰਹਿਣ ਵਾਲੀ ਸ਼ਖਸੀਅਤ ਦੇ ਮਾਲਕ ਸਨ ਬੀਬੀ ਕੁਲਵੰਤ ਕੌਰ ਜੀ, ਚੰਡੀਗੜ੍ਹ 36
  *- ਭਾਈ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ*

## *ਸੰਪਾਦਕੀ...*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਜਿਹੇ ਸੁੱਚੇ ਮੋਤੀਆਂ ਦਾ ਖਜ਼ਾਨਾ ਹਨ ਜੋ ਮਾਨਵੀ ਆਤਮਾ ਨੂੰ ਚਮਕਾ ਦਿੰਦੇ ਹਨ। ਮਨੁੱਖ ਮਾਤਰ ਨੂੰ ਬੇਹਤਰੀਨ ਢੰਗਾਂ ਨਾਲ ਅਕਾਲ ਪੁਰਖ ਨਾਲ ਰਸਾਈ ਕਰਨ ਦੀ ਲਾਸਾਨੀ ਸਿੱਖਿਆ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ੧੪੩੦ ਪੰਨਿਆਂ ਵਿਚ ਅੰਕਤ ਹੈ "ਜੋ ਹਰ ਇੱਕ ਪੰਗਤੀ, ਹਰ ਇਕ ਸਲੋਕ ਹਰ ਇਕ ਸ਼ਬਦ ਵਿਚ ਸੁਲੱਭ ਹੈ ੧੨ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਤਕ ਦੇ ਪੰਜ ਸੌ ਸਾਲ ਦੇ ਅਰਸੇ ਵਿਚ ਵਿਚਰੇ ੫੯ ਮਹਾਂ ਪੁਰਸ਼ਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੈ। ਇਨ੍ਹਾਂ ਮਹਾਂਪੁਰਸ਼ਾਂ ਵਿਚੋਂ ੬ ਸਿੱਖ ਗੁਰੂ ਸਾਹਿਬਾਨ ਹਨ, ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚੋਂ ੧੫ ਹਿੰਦੂ, ਬ੍ਰਾਹਮਣ, ਮੁਸਲਮਾਨ, ਗੁਰਸਿੱਖ ਸਾਹਿਬਾਨ ਹਸਤੀਆਂ ਹਨ ਅਤੇ ੧੧ ਅਰਸ਼ੀ ਭੱਟਾਂ ਦੀ ਅਲਾਹੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਅਨਿਖੜਵੇਂ ਅੰਗ ਦੇ ਰੂਪ ਵਿਚ ਸ਼ੁਭਾਇਮਾਨ ਹੈ।

ਕਿਸੇ ਮਹਾਂਪੁਰਸ਼ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਕਰਨ ਲਈ ਉਸ ਦੀ ਜ਼ਾਤ-ਪਾਤ, ਧਰਮ ਕਰਮ, ਇਲਾਕੇ ਤੇ ਭਾਸ਼ਾ ਦਾ ਖਿਆਲ ਨਹੀਂ ਰੱਖਿਆ ਗਿਆ ਬਲਕਿ ਕੇਵਲ ਇਕੋ ਧਾਰਨਾ ਸਾਹਮਣੇ ਰੱਖੀ ਗਈ ਕਿ ਅਜਿਹੀ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਕੇ ਗੁਰੂ ਰੂਪ ਅਖਵਾਏ ਜੋ ਗੁਰ ਆਸ਼ੇ ਅਨੁਸਾਰ ਹੋਵੇ ਅਤੇ ਮਨੁੱਖ ਦੀ ਹਉਮੈ, ਹੰਕਾਰ, ਤਕੱਬਰ, ਈਰਖਾ, ਬਖੀਲੀ, ਕਾਮ, ਕਰੋਧ, ਲਾਲਚ, ਲੋਭ, ਮੋਹ ਦੀ ਤੀਬਰਤਾ ਨੂੰ ਖਤਮ ਕਰਕੇ ਉਸ ਨੂੰ ਇਸ ਸੰਸਾਰ ਵਿਚ ਵਿਚਰ ਕੇ ਆਪਣੀ ਨੇਕ ਕਿਰਤ ਸਦਕਾ ਜੀਵਨ ਜੀਣ ਦੀ ਜਾਚ ਦਸਦਿਆਂ ਹੋਇਆਂ ਉਸ ਨੂੰ ਸਤਿ, ਸੰਤੋਖ, ਸਿਮਰਨ ਤੇ ਸੇਵਾ ਦੇ ਮਾਰਗ ਤੇ ਅੱਗੇ ਤੋਰਨ ਵਿਚ ਉਸ ਦਾ ਪਥ ਪ੍ਰਦਰਸ਼ਨ ਕਰ ਸਕੇ।

ਹੁਣ ਸਾਰੀ ਦੁਨੀਆਂ ਇਸ ਗੱਲ ਦੀ ਕਾਇਲ ਹੋ ਰਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸ਼ੇ ਦੇ ਪੱਖ ਤੋਂ ਅਤੇ ਇਸ ਦੇ ਰਚਨਹਾਰਿਆਂ ਦੀ ਵਿਭਿੰਨ ਪਰਕਾਰੀ ਧਾਰਮਿਕ ਰੰਗਤ ਦੇ ਪੱਖ ਤੋਂ ਇਕ ਸੈਕੂਲਰ ਧਾਰਮਿਕ ਗ੍ਰੰਥ ਹੈ ਜੋ ਮਾਨਵਤਾ ਦੀ ਸਮੁੱਚੀ ਅਗਵਾਈ ਕਰਨ ਦੀ ਭਰਪੂਰ ਸਮਰਥਾ ਰਖਦਾ ਹੈ। ਅਲਾਹੀ ਬਾਣੀ ਦਾ ਇਹ ਭੰਡਾਰ ਸਿੱਖ ਲਈ ਸਤਿਕਾਰੀ ਗੁਰੂ ਹੈ ਤੇ ਜੋ ਵੀ ਸ਼ਰਧਾ ਨਾਲ ਆਪਣੇ ਆਪ ਨੂੰ ਇਸ ਸ਼ਬਦ ਗੁਰੂ ਅਗੇ ਸਮਰਪਤ ਕਰਦਾ ਹੈ, ਗੁਰੂ ਉਸ ਨੂੰ ਨਿਹਾਲ ਕਰਦਾ ਹੈ।

---

# ਬੰਦੇ ਵਾਹਿਗੁਰੂ ਵਾਹਿਗੁਰੂ ਬੋਲ

*[ਭਾਈ ਤੇਗ ਬਹਾਦਰ ਸਿੰਘ ਤੇਗ]*

ਜਨਮ ਅਮੋਲਕ ਮਿਲਿਆ ਤੈਨੂੰ,
ਘੱਟੇ ਦੇ ਵਿੱਚ ਰੋਲ ਨਾ ਇਹਨੂੰ।
ਸੱਚੇ ਸਾਹਿਬ ਦੇ ਚਰਨਾਂ ਵਿਚ,
ਬਿਰਤੀ ਆਪਣੀ ਜੋੜ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ।

ਅਕਾਲ ਪੁਰਖ ਨੂੰ ਤੂੰ ਧਿਆ ਲੈ,
ਚਰਨੀਂ ਲੱਗ ਤੇ ਮਨ ਸਮਝਾ ਲੈ,
ਭੰਵਰਾਂ ਦੇ ਵਿੱਚ ਫਸ ਕੀ ਲੈਣੇ,
ਰਹਿ ਤੂੰ ਸਦਾ ਅਡੋਲ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ।

ਜੇ ਤੈਂ ਉਹਨੂੰ ਨਾ ਧਿਆਇਆ,
ਜਗ ਤੇ ਆਇਆ ਜਿਹਾ ਨ ਆਇਆ॥
ਗੁਰੂ ਸਾਹਿਬ ਨੇ ਫੁਰਮਾਇਆ,
ਇਹ ਹਨ ਸੱਚੇ ਸੁੱਚੇ ਬੋਲ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ।

ਜੀਵਨ ਹੈ ਇਕ ਕਾਠ ਦੀ ਹਾਂਡੀ,
ਕੇਰਾਂ ਚਾੜ੍ਹ ਕਿਸੇ ਨ ਮਾਂਜੀ।
ਇਸ ਲਈ ਜੀਵਨ ਸਫਲਾ ਕਰ ਲੈ,
ਜਪ ਲੈ ਨਾਮੁ ਅਮੋਲ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ।

ਜੀਵਨ ਹੈ ਇਕ ਗੋਰਖ-ਧੰਦਾ,
ਜਿਸ ਨੂੰ ਸਮਝ ਨ ਸਕਿਆ ਬੰਦਾ।
ਉਸ ਰੱਬ ਨੇ ਹੀ ਲੌਣਾ ਹੰਧਾ,
(ਬੰਦੇ) ਤੂੰ ਭੀ ਕਰ ਕੁੱਝ ਘੋਲ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥* *(ਬਾਰਹ ਮਾਹਾ ਮਾਂਝ ਮ: 5, ਅੰਗ – 134)*

***ਅਰਥ:***

ਅੱਸੂ ਦੇ ਮਹੀਨੇ ਪ੍ਰੇਮ ਨੇ ਉਛਾਲਾ ਮਾਰਿਆ, ਹਰੀ ਨੂੰ ਕਿਸ ਤਰ੍ਹਾਂ ਜਾ ਮਿਲੀਏ! ਮਨ ਤੇ ਤਨ ਵਿਚ ਦਰਸ਼ਨਾਂ ਦੀ ਤੀਬਰ ਚਾਹ ਉਪਜੀ ਹੈ, ਹੇ ਮਾਏ! ਕੋਈ (ਪ੍ਰੀਤਮ ਨੂੰ) ਲਿਆ ਕੇ ਮਿਲਾ ਦੇਵੇ। ਇਸ ਪ੍ਰੇਮ ਦੀ ਅਵਸਥਾ ਦੇ ਸਹਾਇਕ ਸੰਤ ਹੀ ਹੁੰਦੇ ਹਨ, ਉਨ੍ਹਾਂ ਦੇ ਪੈਰੀਂ ਪੈਂਦੀ ਹਾਂ (ਜੁ ਤਰਸ ਕਰਕੇ ਮਿਲਾ ਦੇਣ)। ਪ੍ਰਭੂ ਦੇ ਮਿਲਾਪ ਬਿਨਾਂ ਸੁਖ ਕਿਸ ਤਰ੍ਹਾਂ ਮਿਲੇ? ਹੋਰ ਦੂਜੀ ਥਾਂ ਜੁ ਸੁਖ ਦੀ ਨਾ ਹੋਈ। ਪ੍ਰਭੂ-ਪ੍ਰੇਮ ਦਾ ਰਸ ਜਿਨ੍ਹਾਂ ਨੇ ਚੱਖਿਆ ਉਹ ਰੱਜ ਗਈਆਂ, ਉਨ੍ਹਾਂ ਦੀਆਂ ਲੋੜਾਂ ਮੁੱਕ ਗਈਆਂ। ਉਹ ਆਪਾ ਤਿਆਗ ਕੇ ਇਹੀ ਬੇਨਤੀ ਕਰਦੀਆਂ ਹਨ, ਜੁ ਹੇ ਪ੍ਰਭੂ! ਸਾਨੂੰ ਆਪਣੇ ਲੜ ਲਾ ਲਓ। ਜਿਨ੍ਹਾਂ ਨੂੰ ਹਰੀ ਕੰਤ ਨੇ ਮਿਲਾ ਲਿਆ ਹੈ, ਉਹ ਵਿਛੁੜ ਕੇ ਕਿਤੇ ਹੋਰ ਨਹੀਂ ਜਾਂਦੀਆਂ। (ਜਾਣ ਵੀ ਕਿਥੇ?) ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਹਰੀ ਦੀ ਸ਼ਰਨ ਹੀ ਇਕ ਆਸਰਾ ਹੈ, ਪ੍ਰਭੂ ਬਿਨਾਂ ਹੋਰ ਦੂਜਾ ਟਿਕਾਣਾ ਹੈ ਹੀ ਨਹੀਂ। ਜਿਨ੍ਹਾਂ 'ਤੇ ਹਰੀ ਸ਼ਹੁ ਦੀ ਕ੍ਰਿਪਾ ਹੋਈ ਹੈ, ਉਹ ਅੱਸੂ ਦੇ ਮਹੀਨੇ ਸੁਖੀ ਵਸਦੀਆਂ ਹਨ।

# ਕੇਸਾਂ ਦਾ ਸਤਿਕਾਰ

*[ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ]*

ਕੇਸ ਗੁਰੂ ਜੀ ਦੀ ਮੋਹਰ ਹਨ। ਕੇਸ ਮਹਾਨ ਗੁਰੂ ਜੀ ਦੀ ਮਹਾਨ ਬਖ਼ਸ਼ਿਸ਼ ਹਨ। ਅਸੀਂ ਕੇਸਾਂ ਸਦਕਾ ਹੀ ਸਿੱਖ ਪਹਿਚਾਣੇ ਜਾਂਦੇ ਹਾਂ। ਕੇਸਾਂ ਦੀ ਖ਼ਾਤਰ ਸਾਡੇ ਮਹਾਨ ਸ਼ਹੀਦਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਇਸ ਲਈ ਕੇਸਾਂ ਦਾ ਸਤਿਕਾਰ ਕਰਨਾ ਸਾਡਾ ਮੁੱਖ ਫ਼ਰਜ਼ ਹੈ। ਜੋ ਕੇਸਾਂ ਦਾ ਸਤਿਕਾਰ ਨਹੀਂ ਕਰਦਾ, ਕੇਸ ਕਟਾਉਂਦਾ, ਪੁੱਟਦਾ ਜਾਂ ਤੋੜਦਾ ਹੈ, ਉਸ ਨੂੰ ਸਿੱਖ ਨਹੀਂ ਕਿਹਾ ਜਾ ਸਕਦਾ।

ਸਿਖ ਬੱਚੇ-ਬੱਚੀਆਂ ਹਮੇਸ਼ਾ ਸਿਰ 'ਤੇ ਦਸਤਾਰ ਸਜਾਉਂਦੇ ਹਨ। ਕਦੀ ਵੀ ਨੰਗੇ ਸਿਰ ਬਾਹਰ ਨਹੀਂ ਜਾਂਦੇ। ਨੰਗੇ ਸਿਰ ਭੋਜਨ ਨਹੀਂ ਛਕਦੇ। ਨੰਗੇ ਸਿਰ ਰਹਿਣ ਨਾਲ ਮਿੱਟੀ ਘੱਟਾ ਕੇਸਾਂ ਵਿਚ ਪੈਂਦਾ ਹੈ। ਜੇ ਕੇਸਾਂ ਨੂੰ ਕੰਘਾ ਨਾ ਕਰੀਏ ਤਾਂ ਖਿਲਰੇ ਕੇਸ ਸ਼ੋਭਾ ਨਹੀਂ ਦਿੰਦੇ। ਸਾਨੂੰ ਹਮੇਸ਼ਾ ਕੇਸਾਂ ਨੂੰ ਦਸਤਾਰ ਨਾਲ ਪੂਰੀ ਤਰ੍ਹਾਂ ਢੱਕ ਕੇ ਬਾਹਰ ਜਾਣਾ ਚਾਹੀਦਾ ਹੈ।

ਨੰਗੇ ਸਿਰ ਰਹਿਣ ਵਾਲੇ ਬੱਚੇ-ਬੱਚੀਆਂ 'ਤੇ ਗੁਰੂ ਜੀ ਪ੍ਰਸੰਨ ਨਹੀਂ ਹੁੰਦੇ। ਇਸ ਲਈ ਸਾਨੂੰ ਸਦਾ ਕੇਸਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਕੇਸ ਗੁਰੂ ਜੀ ਦੀ ਸਾਡੇ 'ਤੇ ਮਹਾਨ ਬਖ਼ਸ਼ਿਸ਼ ਹਨ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਤਿਨ੍ਹਾਂ ਗੁਰ-ਦੀਖਿਆ ਪ੍ਰਾਪਤੀ ਵਾਲੇ ਗੁਰਸਿਖਾਂ ਪ੍ਰਥਾਇ ਹੀ ਪੂਰਾ ਗੁਰੂ ਧਾਰਨ ਕਰਨ ਵਾਲੀ ਘਟਨਾ ਘਟਦੀ ਹੈ। ਜੋ ਸਚੇ ਸਤਿਗੁਰੂ ਦੇ ਸ਼ਰੀਕ ਖ਼ੁਦ ਗੁਰੂ ਬਣਿ ਬਣਿ ਬਹਿੰਦੇ ਹਨ ਤਿਨ੍ਹਾਂ ਨਕਲੀ ਗੁਰੂਆਂ ਦੇ ਚੇਲਿਆਂ ਪ੍ਰਥਾਇ ਇਹ ਘਟਨਾ ਨਹੀਂ ਘਟਦੀ। ਨਾ ਤਿਨ੍ਹਾਂ ਨੂੰ ਪੂਰਾ ਗੁਰੂ ਮਿਲਿਆ ਹੈ, ਨਾ ਤਿਨ੍ਹਾਂ ਪੂਰਾ ਗੁਰੂ ਧਾਰਨ ਕੀਤਾ ਹੈ, ਉਹ ਤਾਂ ਨਿਰੇ ਨਿਗੁਰੇ ਦੇ ਨਿਗੁਰੇ ਹੀ ਰਹਿੰਦੇ ਹਨ, ਐਵੇਂ ਬਫਣ ਬਫਾਈਆਂ ਗੱਲਾਂ ਕਹਿੰਦੇ ਹਨ।

ਗੁਰਸਿਖਾਂ ਪ੍ਰਤੀ ਸਤਿਗੁਰਾਂ ਨੇ ਅੱਗੇ ਦਾ ਫ਼ਿਕਰ ਐਸਾ ਫ਼ਿਕਰਾਇਆ ਕਿ ਸ਼ਬਦ ਸ਼ਬਦ ਵਿਖੇ ਇਸ ਅੱਗੇ ਨੂੰ ਸੰਭਾਲਣ ਲਈ ਸਾਵਧਾਨਤਾ ਬਣਾਈ ਹੈ। ਨਾਮਹੀਣ ਸੰਸਾਰੀਆਂ ਤੇ ਭੀ ਅਪਾਰ ਤਰਸ ਖਾਧਾ ਹੈ ਕਿ ਜਿਨ੍ਹਾਂ ਮਨੁੱਖਾ ਜਨਮ ਧਾਰ ਕੇ ਆਪਣਾ ਅੱਗਾ ਨਹੀਂ ਸੰਵਾਰਿਆ ਉਹਨਾਂ ਦਾ ਕੀ ਹਾਲ ਹੋਵੇਗਾ। ਤਿਨ੍ਹਾਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਉਤੇ ਸ਼ਾਕਰ ਰਹਿਣ ਦੀ ਸੁਚੇਤਤਾ ਭੀ ਸਿਖਲਾਈ ਹੈ ਅਤੇ ਦਸਿਆ ਹੈ ਖੋਲ੍ਹ ਕੇ, ਕਿ ਸਿਫਤ ਸਲਾਹ ਦੇ ਗੁਰਮਤਿ ਮਾਰਗੀ ਸਚੇ ਅਤੇ ਸਿਧੇ ਰਾਹ ਤੇ ਚਲੇ ਬਿਨਾਂ ਅੱਗਾ ਕਦੇ ਨਹੀਂ ਸਉਰਦਾ। ਏਸ ਸਿਫ਼ਤ ਸਾਲਾਹ ਦਾ ਖ਼ਜ਼ਾਨਾ ਸਤਿਗੁਰੂ ਬਿਨਾਂ ਹਥਿ ਨਹੀਂ ਆਉਂਦਾ। ਸਤਿਗੁਰੂ ਦੀ ਬਖ਼ਸ਼ਸ ਨਦਰ ਪ੍ਰਸਾਦੀ ਰਹਿਮਤ ਜਿਸ ਤੇ ਹੋਈ ਤਿਸੇ ਨੂੰ ਇਸ ਖ਼ਜ਼ਾਨੇ ਦੀ ਵੰਡ ਹਥਿਆਉਂਦੀ ਹੈ। ਗੁਰਮਤਿ ਦ੍ਰਿੜਾਈ ਸੱਚੀ ਦੀਖਿਆ ਬਿਨਾਂ ਅਨਮਤ ਕਰਮਾਂ ਨੂੰ ਕਰਿ ਕਰਿ ਬਥੇਰੇ ਥਕਿ ਹਾਰ ਰਹੇ ਹਨ। ਕਿਸੇ ਨੂੰ ਇਹ ਨਾਮ ਦੀ ਸਚੜੀ ਦਾਤ ਹਥਿ ਨਹੀਂ ਆਈ। ਗੁਰੂ ਨਾਨਕ ਸਾਹਿਬ ਬੜੀ ਹੀ ਹਸਰਤ, ਹੋਰਤ ਅਤੇ ਦਰਦ ਭਰੀ ਪੁਕਾਰਨੀ ਪੁਕਾਰਦੇ ਹਨ ਕਿ ਮਨਮੁਖ ਜਗਤ ਨਾਮ-ਧਨ-ਹੀਣਾ ਅਗੇ ਚਲ ਕੇ ਭੁਖਾ ਕੀ ਖਾਵੇਗਾ। ਯਥਾ ਗੁਰਵਾਕ -

*ਸਿਫਤਿ ਖਜਾਨਾ ਬਖਸ ਹੈ*
*ਜਿਸੁ ਬਖਸੈ ਸੋ ਖਰਚੈ ਖਾਇ॥*
*ਸਤਿਗੁਰ ਬਿਨੁ ਹਥਿ ਨ ਆਵਈ*
*ਸਭ ਥਕੇ ਕਰਮ ਕਮਾਇ॥*
*ਨਾਨਕ ਮਨਮੁਖੁ ਜਗਤੁ ਧਨਹੀਣੁ ਹੈ*
*ਅਗੈ ਭੁਖਾ ਕਿ ਖਾਇ॥੨॥* *ਅੰਗ - ੫੪੮*

ਆਸਾ ਰਾਗ ਦੇ ਛੰਤਾਂ ਵਿਚ ਭੀ ਸ੍ਰੀ ਗੁਰੂ ਨਾਨਕ ਚੌਥੀ ਪਾਤਸ਼ਾਹੀ ਭੀ ਏਵੇਂ ਉਚਾਰਦੇ ਹਨ -

*ਹੁਣਿ ਵਤੈ ਹਰਿਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥੨॥* *ਅੰਗ - ੪੫●*

ਅੱਗਾ ਤਾਂ ਗੁਰੂ ਸਾਹਿਬ ਨੇ ਐਸਾ ਸਪਸ਼ਟਾਇਆ ਹੈ ਕਿ ਇਸ ਦੀ ਹੋਂਦ ਦਾ ਸੰਦੇਹ ਰਹਿਣ ਹੀ ਨਹੀਂ ਦਿਤਾ। ਐਥੇ ਦਾ ਬੀਜਿਆ ਅਗੇ ਜਾ ਖਾਣਾ ਹੈ। ਪਰ ਜਿਨ੍ਹਾਂ ਨਾਮ ਐਥੋਂ ਨਹੀਂ ਬੀਜਿਆ ਉਹਨਾਂ ਨੇ ਅੱਗੇ ਜਾ ਕੇ ਕੀ ਖਾਣਾ ਹੈ? ਅੱਗਾ ਜ਼ਰੂਰ ਸਿਰ ਤੇ ਖੜਾ ਹੈ, ਜਿਥੇ ਇਹ ਸਰੀਰ ਛੱਡ ਕੇ ਅਵੱਸ਼ ਜਾਣਾ ਹੈ। ਅੱਗਾ ਸੁਖਦਾਈ ਬਣਾਉਣ ਲਈ ਇਕੋ ਇਕ ਨਾਮ ਦੀ ਕਮਾਈ ਹੈ, ਜਿਤਨੀ ਏਥੇ ਕਰ ਲਈਏ ਸੋ ਕਰਿ ਲਈਏ। ਫੇਰ ਅਵਸਰ ਹੱਥ ਨਹੀਂ ਆਉਣਾ ਤੇ ਨਾ ਹੀ ਮਨੁੱਖਾ ਜਨਮ ਬਾਰੰਬਾਰ ਮਿਲਣਾ ਹੈ। ਜਿਨ੍ਹਾਂ ਇਹ ਅਵਸਰ ਅੰਵਾਈਂ ਗੰਵਾ ਲਿਆ, ਤਿਨ੍ਹਾਂ ਮਾਨੋ ਆਪਣਾ ਅੱਗਾ ਹੀ ਅਜਾਈਂ ਖੋ ਲਿਆ। ਜੋ ਅੰਞਾਣ ਲੱਗ ਇਹ ਖ਼ਿਆਲ ਕਰੀ ਬੈਠੇ ਹਨ ਕਿ ਅੱਗਾ ਉੱਗਾ ਕੁਝ ਨਹੀਂ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ, ਜਦੋਂ ਮਰਨ ਪਿਛੋਂ ਅੱਗੇ ਜਾ ਕੇ ਮੂੰਹੋਂ ਮੂੰਹ ਚੋਟਾਂ ਖਾਣੀਆਂ ਪਈਆਂ,

ਕਿਉਂਕਿ ਓੜਕ ਸਤਿਗੁਰੂ ਦਾ ਫ਼ੁਰਮਾਨ ਹੀ ਸੱਚ ਸਾਬਤ ਹੋਣਾ ਹੈ। ਸਤਿਗੁਰੂ ਤਾਂ ਪੁਕਾਰ ਪੁਕਾਰ ਕੇ ਅੱਗੇ ਦੀ ਸ਼ਾਹਦੀ ਭਰ ਰਹੇ ਹਨ। ਮੁਨਕਰਾਂ ਨੂੰ ਐਵੇਂ ਫੂਸ ਵਾਲਾ ਹੀ ਨਿਘਾਸ ਹੈ। ਕਬੂਤਰ ਦੇ ਅੱਖਾਂ ਮੀਚਿਆਂ ਤਾਂ ਮੀਚ ਬਿਲਈਆ ਕਾਲ ਰੂਪ ਹੋ ਕੇ ਉਹਨਾਂ ਦੇ ਸਿਰ ਤੇ ਪੈਣੋਂ ਬਾਜ਼ ਨਹੀਂ ਰਹਿ ਸਕਦਾ, ਉਹ ਤਾਂ ਜ਼ਰੂਰ ਪਏਗੀ। ਏਸ ਤਰ੍ਹਾਂ ਅੱਗਾ ਜ਼ਰੂਰ ਭੁਗਤਣਾ ਪਏਗਾ। ਕੋਈ ਚੰਗਾ ਭੁਗਤ ਲਵੇ ਜਾਂ ਕੋਈ ਮੰਦਾ। ਇਹ ਤਾਂ ਆਪੋ ਆਪਣੇ ਕਰਮਾਂ ਅਨੁਸਾਰ ਹੈ। ਅਸਾਡੇ ਸਤਿਗੁਰਾਂ ਦੀ ਬਣਾਈ ਹੋਈ ਇਹ ਗੱਲ ਤਾਂ ਪੱਥਰ ਤੇ ਲਕੀਰ ਹੈ ਕਿ ਜਿਨ੍ਹਾਂ ਨੇ ਨਾਮ ਅਭਿਆਸ ਕਮਾਈ ਤੇ ਸੁਕ੍ਰਿਤ ਕਰਨੀ ਮਾਨੁਖ ਜਨਮ ਪਾਇ ਕੇ ਨਹੀਂ ਕਮਾਈ ਅਤੇ ਇਸ ਕਮਾਈ ਨੂੰ ਬੀਜ ਰੂਪ ਕਰਕੇ ਏਥੇ ਨਹੀਂ ਬੀਜਿਆ, ਤਿਨ੍ਹਾਂ ਨੇ ਅੱਗੇ ਚਲ ਕੇ ਭੁੱਖੇ ਹੀ ਰਹਿਣਾ ਹੈ, ਕਿਉਂਕਿ ਅਗੇ ਚਲ ਕੇ ਜੀਵ-ਆਤਮਾ ਨੂੰ ਸਿਵਾਏ ਨਾਮ ਆਧਾਰ ਦੇ ਹੋਰ ਕੋਈ ਅਧਾਰ ਨਹੀਂ। ਇਥੇ ਬੀਜਿਆ ਹੋਇਆ ਅਗੇ ਫਲਣਾ ਫੁਲਣਾ ਹੈ। ਇਕ ਸਿਰਫ਼ ਨਾਮ-ਬੀਜ ਹੀ ਅਗੇ ਫਲਦਾ ਫੁਲਦਾ ਹੈ। ਨਾਮ-ਬਿਹੂਣ ਕੋਈ ਕਰਮ ਸੁਕਰਮੀ ਬੀਜ ਅਗੇ ਜਾ ਕੇ ਨਹੀਂ ਫਲਦਾ। ਨਾਮੋਂ ਘੁਥੜਾ ਜੀਵ ਬਸ ਅੱਗੇ ਜਾ ਕੇ ਭੁੱਖਾ ਹੀ ਰਹਿੰਦਾ ਹੈ, ਕਿਉਂਕਿ ਗੁਰਮਤਿ ਨਾਮ ਬਿਹੂਣ ਜਿਤਨੇ ਭੀ ਅਨੁਮਤੀ ਮਤਸਰੀ ਕਰਮ ਧਰਮ ਹੈਨ, ਸੋ ਪਖੰਡ ਰੂਪ ਹੀ ਹੈਨ, ਜਮ ਜਾਗਾਤੀਆਂ ਦੀ ਲੁੱਟ ਖਸੁਟ ਹੀ ਹਨ।

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥* ਅੰਗ - ੭੪੩

ਕਰਤੇ ਪੁਰਖ ਦੀ ਨਾਮ ਨਿਧਾਨੀ ਨਿਰਬਾਣ ਕੀਰਤਨ ਮਈ ਨਿਮਖ ਮਾਤਰੀ ਸਿਫ਼ਤ ਸਾਲਾਹ ਨੇ ਹੀ ਨਿਸਤਾਰਾ ਤੇ ਅਗੇ ਜਾ ਕੇ ਛੁਟਕਾਰਾ ਕਰਨਾ ਹੈ।

*ਨਿਰਬਾਣੁ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥੧॥(੪॥੩॥੫●)*
ਅੰਗ - ੭੪੩

ਮਨਮੁਖਾਂ, ਸਾਕਤਾਂ, ਗੁਰ-ਬਿਮੁਖਾਂ ਦੇ ਕਰਮ ਕਮਾਏ ਹੋਏ ਕਦੇ ਥਾਇਂ ਨਹੀਂ ਪੈਣੇ। ਤਿਨ੍ਹਾਂ ਨੂੰ ਅਗਲੀ ਦਰਗਾਹ ਵਿੱਚ ਜਾ ਕੇ ਜ਼ਰੂਰ ਖੁਆਰ ਹੋਣਾ ਪਊ, ਅਤੇ ਸਤਿਗੁਰੂ ਦੇ ਸਚਿਆਰ ਸਿਖ ਬਣੇ ਬਿਨਾਂ ਸਭਨਾਂ ਨੂੰ ਅੱਗੇ ਚੱਲ ਕੇ ਜਮਾਂ ਦੀ ਮਾਰ ਪਵੇਗੀ। ਯਥਾ ਗੁਰਵਾਕ -

*ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ*
*ਨਾ ਪਵੈ ਦਰਗਹਿ ਹੋਇ ਖੁਆਰੁ॥੨॥* ਅੰਗ - ੫੫੨

*ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ*
*ਮਾਰੀਅਹਿ ਮੁਹਿ ਕਾਲੈ ਉਠਿ ਜਾਹਿ॥੧॥*ਅੰਗ - ੫੫੨

ਇਨ੍ਹਾਂ ਵਾਕਾਂ ਅਤੇ ਇਸ ਪ੍ਰਕਾਰ ਦੇ ਹੋਰ ਅਨੇਕਾਂ ਗੁਰਵਾਕਾਂ ਦੁਆਰਾ ਜਮਪੁਰੀ ਦੀ ਹੋਂਦ ਹਸਤੀ ਦਾ ਸਬੂਤ ਭੀ ਸਿਧ ਹੈ। ਸਤਿਗੁਰੂ ਦੀ ਦ੍ਰਿੜ੍ਹਾਈ ਨਾਮ ਅਭਿਆਸ ਕਮਾਈ ਤੋਂ ਘੁਥੜਿਆਂ ਦੀ ਦਸ਼ਾ ਉੱਪਰ ਲਿਖੇ ਵਾਕਾਂ ਅਨੁਸਾਰ ਲਾਜ਼ਮੀ ਤੌਰ ਤੇ ਹੋਵੇਗੀ।

'ਜਮਪੁਰਿ ਬਧੇ ਮਾਰੀਅਹਿ' ਵਾਲਾ ਗੁਰ-ਫ਼ਤਵਾ ਤਿਨ੍ਹਾਂ ਉਤੇ ਜ਼ਰੂਰ ਆਇਦ ਹੋਉ। ਜਿਨ੍ਹਾਂ ਗੁਰਮੁਖਾਂ ਨੂੰ ਸੱਚਾ ਪਾਤਸ਼ਾਹ ਆਪਿ ਨਾਮ ਦੀ ਸਚੀ ਵਡਿਆਈ ਬਖ਼ਸ਼ਦਾ ਹੈ, ਸੋਈ ਜਨ ਸਚੀ ਦਰਗਾਹੇ ਸਚਿਆਰ ਜਾਣੇ ਜਾਂਦੇ ਹਨ। ਜਿਸ ਸਚਿਆਰ ਸਿੱਖ ਨੂੰ ਵਾਹਿਗੁਰੂ ਆਪ ਸਚੜਾ ਗੁਰਮਤਿ ਮਾਰਗ ਬੁਝਾਉਂਦਾ ਸੁਝਾਉਂਦਾ ਹੈ ਅਤੇ ਗੁਰਮਤਿ ਨਾਮ ਕਮਾਈਆਂ ਵਿਚ ਲਾਉਂਦਾ ਹੈ, ਉਸਨੂੰ ਸਚੀ ਦਰਗਾਹ ਅੰਦਰਿ ਸਦਾ ਹੀ ਸੱਚੜਾ ਮਾਨ ਪ੍ਰਾਪਤਿ ਹੁੰਦਾ ਹੈ। ਯਥਾ ਗੁਰਵਾਕ -

*ਜਿਨਾ ਆਪੇ ਗੁਰਮੁਖਿ ਦੇ ਵਡਿਆਈ*
*ਸੇ ਜਨ ਸਚੀ ਦਰਗਹਿ ਜਾਣੇ॥੧੧॥* ਅੰਗ - ੫੫੩

*ਜਿਸ ਨੋ ਗੁਰਮੁਖਿ ਆਪਿ ਬੁਝਾਏ*
*ਸੋ ਸਦ ਹੀ ਦਰਗਹਿ ਪਾਏ ਮਾਨੁ ॥੧੪॥* ਅੰਗ - ੫੫੪

ਦੇਖੋ! ਸਤਿਗੁਰੂ ਦੀ ਦ੍ਰਿੜਾਈ ਸਚੀ ਕਾਰ ਕਮਾਵਣਹਾਰਿਆਂ ਦਾ ਅੱਗਾ ਇਸ ਅਗਲੇਰੇ ਗੁਰਵਾਕ ਅੰਦਰਿ ਕੈਸਾ ਸੁੰਦ੍ਰਾਵਲਾ ਦਰਸਾਇਆ ਗਇਆ ਹੈ -

*ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥*
*ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥*
*ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ*
*ਕਟਿ ਕੈ ਅੰਤਰਿ ਜੋਤਿ ਧਰੇਹੁ॥*
*ਹਰਿ ਕਾ ਨਾਮੁ ਅੰਮ੍ਰਿਤੁ ਹੈ*
*ਦਾਰੂ ਏਹੁ ਲਾਏਹੁ॥*
*ਸਤਿਗੁਰ ਕਾ ਭਾਣਾ ਚਿਤਿ ਰਖਹੁ*
*ਸੰਜਮੁ ਸਚਾ ਨੇਹੁ॥*
*ਨਾਨਕ ਐਥੈ ਸੁਖੈ ਅੰਦਰਿ ਰਖਸੀ*
*ਅਗੈ ਹਰਿ ਸਿਉ ਕੇਲ ਕਰੇਹੁ॥੨॥* ਅੰਗ - ੫੫੪

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਜਿਨ੍ਹਾਂ ਗੁਰਮੁਖਾਂ ਗੁਰਸਿਖਾਂ ਨੇ ਸਤਿਗੁਰੂ ਦੀ ਫ਼ੁਰਮਾਈ ਇਹ ਕਾਰ ਕਮਾਈ ਹੈ, ਪਹਿਲਾਂ ਗੁਰੂ ਦੁਆਰੇ ਹਾਜ਼ਰ ਹੋਇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਪਾਨ ਕਰਿ ਗੁਰੂ ਦੀਖਿਆ ਮਈ ਗੁਰਮੰਤ੍ਰ ਲਿਆ ਅਤੇ ਗੁਰਮੰਤ੍ਰ ਲੈ ਕੇ ਸਾਹਿਬ ਸੰਮ੍ਹਾਲਿਆ ਹੈ।

**'ਚਲਦਾ'**

# ਸ੍ਰੀ ਗੁਰੂ ਅਮਰ ਦਾਸ ਜੀ

*(ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ)*

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਖ਼ਸੀਅਤ ਏਨੀ ਮਹਾਨ ਹੈ ਕਿ ਆਪ ਜੀ ਦੇ ਸਰਬ ਗੁਣ ਵਰਨਣ ਕੀਤੇ ਜਾਣੇ ਅਸੰਭਵ ਹਨ।

ਪੰਜਾਬ ਦੇ ਭੱਟ, ਜੋ ਜਾਤਿ ਦੇ ਸਾਰਸੁਤ ਬ੍ਰਾਹਮਣ ਸਨ, ਤੇ ਬੜੇ ਵਿਦਵਾਨ ਤੇ ਅਧਿਆਤਮਕ ਖੋਜੀ ਸਨ, ਫਿਰਦੇ ਢੂੰਡਦੇ ਗੁਰੂ ਦਰਬਾਰ ਹਾਜ਼ਰ ਹੋਏ। ਗੁਰੂ ਦਰੋਂ ਗੁਰਦੀਖਿਅਤ ਹੋ ਕੇ ਸ਼ਬਦ ਦੀ ਘਾਲ-ਕਮਾਈ ਕੀਤੀ ਤੇ ਗੁਰੂ ਮੇਹਰ ਸਦਕਾ ਪ੍ਰਵਾਨ ਚੜ੍ਹੇ। ਉਹਨਾਂ ਦੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ।

ਭੱਟਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਪੰਜਾਂ ਹੀ ਸਤਿਗੁਰਾਂ ਦੀ ਕੀਰਤੀ ਕੀਤੀ। ਉਹਨਾਂ ਵਲੋਂ ਸ੍ਰੀ ਗੁਰੂ ਅਮਰ ਦਾਸ ਜੀ ਦੀ ਕੀਤੀ ਗਈ ਉਸਤਤੀ ਦੇ ਅਧਾਰ ਤੇ ਸਤਿਗੁਰੂ ਅਮਰ ਦਾਸ ਜੀ ਦਾ ਸ਼ਬਦ-ਚਿ ਤਰ ਪਾਠਕਾਂ ਦੀ ਸੇਵਾ ਵਿਚ ਪੇਸ਼ ਹੈ -

ਪਿਛੋਂ ਸ੍ਰੀ ਗੁਰੂ ਅਮਰ ਦਾਸ ਜੀ ਮਾਨੋ ਇਕ ਮੌਲਸਰੀ ਦਾ ਸ੍ਰੇਸ਼ਟ ਰੁਖ ਹਨ, ਜਿਸ ਦੀਆਂ ਸ਼ਾਖ਼ਾਂ ਖਿਲਰ ਕੇ ਜਗਤ ਵਿਚ ਰਸ-ਭਿੰਨੀ ਸੁਗੰਧੀ ਖਿਲਾਰ ਰਹੀਆਂ ਹਨ। ਆਪ ਜੀ ਮਾਨੋ ਸੂਰਜ ਹਨ। ਆਪ ਜੀ ਦੀਆਂ ਕੀਰਤੀ ਰੂਪ ਕਿਰਨਾਂ ਸੰਸਾਰ ਵਿਚ ਬਿਖਰ ਕੇ ਜੀਵਾਂ ਨੂੰ ਚਾਨਣਾ ਬਖਸ਼ ਰਹੀਆਂ ਹਨ। ਇਸ ਉਪਕਾਰ ਵਜੋਂ ਪੂਰਬ ਪੱਛਮ ਉੱਤਰ ਤੇ ਦੱਖਣ ਚਹੁੰਆਂ ਦਿਸ਼ਾਂ ਵਿਚ ਲੋਕੀ ਗੁਰੂ ਅਮਰਦਾਸ ਦੀ ਜੈ ਜੈ ਕਾਰ ਕਰ ਰਹੇ ਹਨ। (੧)

ਸ੍ਰੀ ਗੁਰੂ ਅਮਰ ਦਾਸ ਜੀ ਸੱਚ ਨੂੰ ਹਿਰਦੇ ਵਿਚ ਧਾਰਨ ਕਰਨ ਵਾਲੇ ਸੂਰਮੇ ਹਨ। ਮਿੱਠੇ ਤੇ ਸ਼ਾਂਤ ਸੁਭਾਉ ਕਰਕੇ ਬਲਵਾਨ ਹਨ। ਆਪ ਦੀਆਂ ਸੰਗਤਾਂ ਬੇਅੰਤ ਹਨ। ਆਪ ਜੀ ਗੰਭੀਰ ਮਤਿ ਦੇ ਸੁਆਮੀ ਹਨ ਤੇ ਨਿਰਵੈਰ ਹਰੀ ਵਿਚ ਹਰਦਮ ਲਿਵਵੀਨ ਰਹਿਣ ਵਾਲ ਨਿਰਵੈਰ ਸਤਿਗੁਰੂ ਜੀ ਹਨ। ਆਪ ਜੀ ਦਾ ਧੀਰਜ-ਰੂਪ ਝੰਡਾ, ਧੁਰ ਦਰਗਾਹੀ ਹੁਕਮ ਅਧੀਨ ਬੈਕੁੰਠ ਦੇ ਪੁਲ ਤੇ ਬਣਿਆ ਹੋਇਆ ਹੈ। (੭)

ਸ੍ਰੀ ਗੁਰੂ ਅਮਰ ਦਾਸ ਜੀ ਦੇ ਸੱਜੇ ਹੱਥ ਵਿਚ ਪਦਮ ਹੈ, ਸਿੱਧੀ ਆਪ ਜੀ ਦੇ ਦਰਸ਼ਨ ਪਰਸਨ ਲਈ ਸਦਾ ਸਨਮੁਖ ਖੜੀ ਹੈ। ਖੱਬੇ ਹੱਥ ਵਿਚ ਰਿੱਧੀ ਵਸਦੀ ਹੈ, ਜੋ ਤਿੰਨਾਂ ਹੀ ਲੋਕਾਂ ਦੇ ਮਨਾਂ ਨੂੰ ਮੋਹਣ ਵਾਲੀ ਹੈ।

ਆਪ ਦੇ ਹਿਰਦੇ ਵਿਚ ਅਕੱਥ ਹਰੀ ਦਾ ਨਿਵਾਸ ਹੈ ਤੇ ਹਰੀ ਦੇ ਪਿਆਰ ਵਿਚ ਰੱਤੇ ਹੋਏ ਆਪ ਮੁਖਾਰ-ਬਿੰਦ ਤੋਂ ਪ੍ਰਭੂ-ਭਗਤੀ ਉਚਾਰ ਰਹੇ ਹਨ। ਆਪ ਜੀ ਦੇ ਮਸਤਕ ਤੇ ਸੱਚੇ ਪ੍ਰਭੂ ਦੀ ਸੱਚੀ ਬਖਸ਼ਸ਼ ਦਾ ਨੀਸ਼ਾਨ ਸ਼ੋਭ ਰਿਹਾ ਹੈ। ਆਪ ਜੀ ਦੇ ਦੀਦਾਰ ਕੀਤਿਆਂ ਸਰਬ ਮਨੋ-ਕਾਮਨਾਵਾਂ ਸੁਤੇ ਹੀ ਪੂਰੀਆਂ ਹੋ ਜਾਂਦੀਆਂ ਹਨ। (੯)

ਪੈਰ ਉਹ ਸਕਾਰਥ ਹਨ ਜੋ ਸ੍ਰੀ ਗੁਰੂ ਅਮਰ ਦਾਸ ਜੀ ਦੇ ਰਾਹ ਤੇ ਤੁਰਦੇ ਹਨ। ਹੱਥ ਉਹ ਸਫਲੇ ਹਨ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਤੇ ਲਗਦੇ ਹਨ। ਜੀਭ ਉਹ ਸਕਾਰਥੀ ਹੈ ਜੋ ਗੁਰੂ ਅਮਰਦਾਸ ਜੀ ਦੀ ਸਿਫ਼ਤ ਸਲਾਹ ਕਰਦੀ ਹੈ। ਨੇਤਰ ਉਹ ਸਫਲੇ ਹਨ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਪਰਸਦੇ ਹਨ। ਕੰਨ ਉਹੀ ਸਫ਼ਲੇ ਹਨ ਜਿਨ੍ਹਾਂ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਦਾ ਜਸ ਸੁਣਿਆ ਜਾਵੇ। ਉਹ ਹਿਰਦਾ ਮੁਬਾਰਕ ਹੈ ਜਿਸ ਹਿਰਦੇ ਵਿਚ ਜਗਤ ਦਾ ਪਿਆਰਾ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਵਸਦਾ ਹੈ। ਸਿਰ ਉਹੀ ਸਫਲ ਹੈ ਜੋ ਸਿਰ ਸਦਾ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਨਮਸਕਾਰ ਕਰਦਾ ਹੈ। ਜਾਲਪ ਭੱਟ ਪੂਰੇ ਤਾਣ ਨਾਲ ਇਹ ਸੱਚਾਈ ਵਰਨਣ ਕਰਦਾ ਹੈ। (੧/

੧੦)

ਜਿਨ੍ਹਾਂ ਮਨੁੱਖਾਂ ਤੇ ਸ੍ਰੀ ਗੁਰੂ ਅਮਰਦਾਸ ਜੀ ਪ੍ਰਸੰਨ ਹੋ ਜਾਣ ਉਹ ਮਨੁੱਖ ਧੰਨ-ਧੰਨ ਹੋ ਜਾਂਦੇ ਹਨ, ਉਹਨਾਂ ਨੂੰ ਫਿਰ ਦੁਖ ਭੁਖ ਨਹੀਂ ਵਾਪਰਦੀ, ਉਹ ਕੰਗਾਲ ਨਹੀਂ ਕਹੇ ਜਾਂਦੇ, ਉਹਨਾਂ ਨੂੰ ਫਿਰ ਕੋਈ ਚਿੰਤਾ ਨਹੀਂ ਵਿਆਪਦੀ, ਉਹ ਵਿਸ਼ਾਲ ਤੇ ਅਥਾਹ ਹਿਰਦੇ ਵਾਲੇ ਹੋ ਜਾਂਦੇ ਹਨ। ਉਹ ਮਨੁੱਖ ਕਿਸੇ ਦੇ ਮੁਥਾਜ ਨਹੀਂ ਹੁੰਦੇ ਸਗੋਂ ਦਾਤੇ ਬਣ ਜਾਂਦੇ ਹਨ, ਉਹ ਗਲੀਚਿਆਂ ਤੇ ਬੈਠ ਕੇ ਰਾਜ ਕਰਦੇ ਹਨ ਤੇ ਸ਼ਕਤੀ ਤੇ ਸਮਰੱਥਾ ਦੇ ਸੁਆਮੀ ਹੋ ਜਾਂਦੇ ਹਨ। ਉਹ ਮਨੁੱਖ ਸੰਸਾਰ ਵਿਚ ਸਦਾ ਸੁਖੀ ਰਹਿੰਦੇ ਹਨ ਤੇ ਵੈਰੀਆਂ ਵਿਚ ਨਿਰਭੈ ਹੋ ਕੇ ਵਿਚਰਦੇ ਹਨ। ਅਜਿਹਾ ਪ੍ਰਤਾਪ ਹੈ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਸੰਨਤਾ ਦਾ। (੨/੧੧)

ਹੇ ਸਤਿਗੁਰੂ ਅਮਰਦਾਸ ਜੀ! ਤੁਸਾਂ ਇਕ ਅਕਾਲ ਪੁਰਖ ਨੂੰ ਪੜ੍ਹਿਆ ਹੈ, ਇਕ ਨੂੰ ਹੀ ਪਛਾਣਿਆ ਹੈ ਅਤੇ ਮਨ ਵਿਚ ਉਸ ਇਕ ਨੂੰ ਹੀ ਟਿਕਾਇਆ ਹੈ। ਆਪ ਜੀ ਦੇ ਨੈਣਾਂ ਵਿਚ, ਬਚਨਾਂ ਵਿਚ ਤੇ ਆਪ ਜੀ ਦੀ ਰਸਨਾ ਉਤੇ ਇਕ ਅਕਾਲ ਪੁਰਖ ਹੀ ਅਕਾਲ ਪੁਰਖ ਹੈ। ਦੂਜੇ-ਪਨ ਨੂੰ ਆਪ ਜੀ ਨੇ ਹਿਰਦੇ ਵਿਚ ਥਾਂ ਨਹੀਂ ਦਿੱਤੀ। ਹੇ ਸਤਿਗੁਰੂ ਅਮਰਦਾਸ ਜੀ! ਆਪ ਜੀ ਸੌਂਦੇ ਹੋਏ ਤੇ ਜਾਗਦੇ ਹੋਏ, ਇਕ ਅਕਾਲ ਪੁਰਖ ਵਿਚ ਹੀ ਲੀਨ ਰਹਿੰਦੇ ਹੋ। ਤੁਸੀਂ ਉਸ ਅਦੁੱਤੀ ਪੁਰਖ ਨੂੰ ਹੀ ਮੰਨਦੇ ਤੇ ਵਿਖਿਆਨਦੇ ਹੋ ਤੇ ਸਦਾ ਉਸ ਦੀ ਹੀ ਯਾਚਨਾ ਕਰਦੇ ਹੋ ਜੋ ਇਕ ਤੋਂ ਵਿਸਤ੍ਰਿਤ ਹੋ ਕੇ ਲਖਾਂ ਵਿਚ ਹੀ ਹਲੂਲ ਹੋਇਆ ਪਿਆ ਹੈ ਤੇ ਲਖਾਂ (ਜੀਵਾਂ) ਦੀ ਸਮਝ ਤੋਂ ਵੀ ਪਰੇ ਹੈ। (੩॥੧੨)

ਸ੍ਰੀ ਗੁਰੂ ਅਮਰਦਾਸ ਜੀ ਅਕਾਲ ਪੁਰਖ ਦੇ ਪਿਆਰੇ ਭਗਤ ਹਨ, ਜਿਸ ਦੇ ਦੀਦਾਰ ਪਰਸਿਆਂ ਮਨੁੱਖ ਜੀਵਨ-ਮੁਕਤ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰ ਦਾਸ ਜੀ ਦੇ ਦੀਦਾਰ ਪਰਸਣ ਯੋਗ ਹਨ, ਜਿਨ੍ਹਾਂ ਲਈ ਸਿਧ ਸਾਧਕ ਤਰਸਦੇ ਹਨ। ਆਪ ਜੀ ਦੇ ਦਰਸ਼ਨ ਪਰਸਿਆਂ ਪ੍ਰਿਥਵੀ ਦੇ ਪਾਪ ਮਿਟ ਜਾਂਦੇ ਹਨ, ਸੁਰਤੀ ਪ੍ਰਭੂ ਵਿਚ ਜੁੜ ਜਾਂਦੀ ਹੈ ਤੇ ਮਨ ਦੀ ਭਟਕਣਾ, ਮੁੱਕ ਜਾਂਦੀ ਹੈ। ਅਟੱਲ-ਪ੍ਰਭੂ ਮਿਲ ਪੈਂਦਾ ਹੈ ਤੇ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ। ਇਕ ਪ੍ਰਭੂ ਦੀ ਪਛਾਣ ਹੋ ਆਉਂਦੀ ਹੈ ਤੇ ਦੂਜਾ ਭਾਉ ਮਿਟ ਜਾਂਦਾ ਹੈ। ਏਨੇ ਪਦਾਰਥ ਸ੍ਰੀ ਗੁਰੂ ਅਮਰਦਾਸ ਜੀ ਦੇ ਦੀਦਾਰ ਪਰਸਿਆਂ ਪ੍ਰਾਪਤ ਹੁੰਦੇ ਹਨ। (੫॥੧੪) ਜਾਲਪ ਜੀ

ਸ੍ਰੀ ਗੁਰੂ ਅਮਰ ਦਾਸ ਉਸ ਨਾਰਾਇਣ ਪ੍ਰਭੂ ਦਾ ਸਰੂਪ ਹੈ ਜਿਹੜਾ ਕਣ-ਕਣ ਵਿੱਚ ਸਮਾਇਆ ਹੋਇਆ ਹੈ। ਨਿਰੰਕਾਰ ਨੇ ਅਕਾਰ ਰੂਪ ਹੋ ਕੇ ਜਗਤ ਵਿਚ ਤੇ ਇਸ ਜੋਤਿ ਦੀਵੇ ਰਾਹੀਂ ਸ਼ਬਦ ਨੂੰ ਉਜਾਗਰ ਕੀਤਾ ਹੈ। ਆਪਣੀ ਸੱਤਾ ਦੁਆਰਾ ਜਗਤ (ਗੁਰੂ ਅਮਰਦਾਸ ਰੂਪੀ) ਜੋਤਿ ਪ੍ਰਗਟਾਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਨਿਰਮਲ ਅਵਤਾਰ ਹੋਇਆ ਹੈ। (੨॥੧੯)

ਭਲਿਆਂ ਦੀ ਕੁਲ ਦੇ ਸ਼੍ਰੋਮਣੀ, ਸ੍ਰੀ ਤੇਜ ਭਾਨ ਜੀ ਦੇ ਨੌਨਿਹਾਲ ਸ੍ਰੀ ਗੁਰੂ ਅਮਰ ਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਥਾਪਣਾ ਦੁਆਰਾ ਆਸੁਰੀ ਸੰਪਦਾ ਉਤੇ ਵਿਜੈ ਪ੍ਰਾਪਤ ਕੀਤੀ ਹੈ। ਇਸ ਧਰਮ-ਯੁੱਧ ਲਈ ਆਪ ਜੀ ਨੇ ਸਮਾਧੀ ਰੂਪ ਸੰਜੋਅ ਪਹਿਨੀ, ਗਿਆਨ-ਘੋੜੇ ਤੇ ਆਸਣ ਜਮਾਇਆ, ਧਰਮ-ਧਨੁਖ ਹੱਥਾਂ ਵਿਚ ਫੜ ਕੇ ਭਗਤਾਂ ਵਾਲੇ ਸੀਲ ਸੁਭਾ ਰੂਪ ਤੀਰਾਂ ਦੀ ਵਰਤੋਂ ਕੀਤੀ। ਨਿਰਭੈ ਪ੍ਰਭੂ ਦਾ ਭਉ ਧਾਰਨ ਕੀਤਿਆਂ ਸ੍ਰੀ ਗੁਰੂ ਅਮਰਦਾਸ ਜੀ ਨਿਰਭਉ ਹੋ ਗਏ ਹਨ। ਆਪ ਜੀ ਨੇ ਅਟੱਲ ਹਰੀ ਨੂੰ ਮਨ ਵਿਚ ਦ੍ਰਿੜ ਕਰ ਕੇ ਟਿਕਾਅ ਲਿਆ ਹੈ। ਗੁਰ ਸ਼ਬਦ ਦੁਆਰਾ ਸੁਰਤੀ ਵਿਚ ਨੇਜਾ ਗੱਡਿਆ ਹੈ। ਆਪ ਜੀ ਨੇ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਆਦਿ ਪੰਜਾਂ ਵੈਰੀਆਂ ਦਾ ਪੂਰਨ ਤੌਰ ਤੇ ਨਾਸ ਕਰ ਦਿਤਾ ਹੈ। (੧॥੨੧) - ਸਲ ਜੀ

ਬੱਦਲ ਦੀਆਂ ਬੂੰਦਾਂ, ਧਰਤੀ ਦੀ ਬਨੱਸਪਤੀ, ਬਸੰਤ ਰੁੱਤ ਦੇ ਫੁੱਲ, ਸੂਰਜ ਦੀਆਂ ਕਿਰਨਾਂ, ਸਮੁੰਦਰ ਦੀ ਡੂੰਘਾਈ, ਗੰਗਾ ਦੀਆਂ ਲਹਿਰਾਂ, ਇਹਨਾਂ ਸਾਰਿਆਂ ਦੀ ਗਿਣਤੀ ਨਹੀਂ ਹੋ ਸਕਦੀ, ਅੰਤ ਨਹੀਂ ਪੈ ਸਕਦਾ। ਗਿਆਨ ਧਿਆਨ ਦੀ ਬਰਕਤ ਨਾਲ ਉਪ੍ਰੋਕਤ ਪਦਾਰਥਾਂ ਦੀ ਗਿਣਤੀ ਭਾਵੇਂ ਸੰਭਵ ਹੋ ਸਕੇ, ਪਰ ਹੇ ਸ੍ਰੀ ਅਮਰਦਾਸ ਜੀ! ਆਪ ਜੀ ਦੇ ਗੁਣ ਵਰਨਣ ਕੀਤੇ ਜਾਣ ਤੋਂ ਬਾਹਰ ਹਨ। ਆਪ ਜੀ ਦੀ ਸੋਭਾ ਦੀ ਹੋਰ ਮਿਸਾਲ ਨਹੀਂ। (੧॥੨੨) (ਭਲ ਜੀ)

## ਗੁਰਮੁਖਿ ਬੁਢੇ ਕਦੇ, ਨਾਹੀ

ਸ੍ਰੀ ਗੁਰੂ ਅਮਰਦਾਸ ਜੀ ਦਾ ਸਰੀਰ ਭਾਵੇਂ ਕਾਫ਼ੀ ਬਿਰਧ ਹੋ ਗਿਆ ਸੀ ਅਤੇ ਆਪ ਜੀ ਦੀ ਉਮਰ ਲੱਗ ਪੱਗ ਪਚਾਨਵੇਂ ਬਰਸਾਂ ਦੀ ਹੋ ਚੁੱਕੀ ਸੀ, ਪਰ ਅੰਦਰ ਸ਼ਬਦ-ਜੋਤਿ ਲਟ ਲਟ ਜਗ ਰਹੀ ਸੀ ਤੇ ਇਸ ਦੀ ਬਰਕਤ ਦੁਆਰਾ ਆਪ ਜੀ ਦੀ ਸੁਰਤੀ ਆਤਮ-ਰੰਗਾਂ ਦੇ ਚੜ੍ਹਾ ਵਿਚ ਨਵਲ-ਨਵੇਲ ਸੀ।

*ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ॥੫॥ ਅੰਗ - ੧੨੩੨*

ਨਾਮ ਰਤੀ ਸੁਰਤੀ ਉੱਤੇ ਬੁਢੇਪੇ ਦਾ ਕਤਈ ਅਸਰ ਨਹੀਂ ਹੁੰਦਾ। ਨਾਮ ਵਿਚ ਲੀਨ ਰੱਖਣ ਨਾਲ ਸੁਰਤੀ ਸਦਾ ਖੇੜੇ ਤੇ ਵਿਗਾਸ ਵਿਚ ਰਹਿੰਦੀ ਹੈ। ਪ੍ਰੇਮ ਦੀ ਲਗਨ ਸਦਕਾ ਮਨੁੱਖ ਸਦਾ ਉਤਸ਼ਾਹ ਉਮਾਹ ਵਿਚ ਰਹਿੰਦਾ ਹੈ ਅਤੇ ਸਦਾ ਚੜ੍ਹਦੀ ਕਲਾ ਵਿਚ ਤੱਤਪਰ ਵਿਚਰਦਾ ਹੈ। ਭਾਵੇਂ ਸਰੀਰ ਬੁੱਢਾ ਹੋ ਕੇ ਜਰਜਰਾ ਹੀ ਕਿਉਂ ਨਾ ਹੋ ਜਾਵੇ, ਪ੍ਰੇਮ-ਲਗਨ ਤੇ ਉਤਸ਼ਾਹ ਉਮਾਹ ਵਿਚ ਘਾਟ ਨਹੀਂ ਵਾਪਰਦੀ।

*ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥*
*ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥੧॥੪॥*
*ਆਸਾ ਰਵਿਦਾਸ ਜੀ, ਪੰਨਾ ੪੮੬*

ਬਲਵਾਨ ਸੁਰਤੀ ਦੇ ਸਿਰ ਸਦਕੇ ਹੀ ੭੨ ਸਾਲ ਦੀ ਉਮਰ ਵਿਚ ਸ੍ਰੀ ਅਮਰ ਦਾਸ ਜੀ ਨੇ ਆਪਣੇ ਇਸ਼ਟ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਦਿਨ ਰਾਤ ਇਕ ਕਰ ਕੇ ਅਤਿ ਕਰੜੀ ਘਾਲਣਾ ਘਾਲੀ। ਸੰਸਾਰ ਨੂੰ ਇਹ ਫ਼ਲਸਫ਼ਾ ਦ੍ਰਿੜ ਕਰਵਾਇਆ ਕਿ ਗੁਰੂ ਦੀ ਸ਼ਰਨ ਪੈਣ ਕਰਕੇ ਜਿਨ੍ਹਾਂ ਦੀ ਸੁਰਤੀ ਵਿਚ ਨਾਮ ਅਭਿਆਸ ਦੁਆਰਾ ਪ੍ਰਭੂ ਦਾ ਗਿਆਨ ਪ੍ਰਵੇਸ਼ ਕਰ ਗਿਆ ਹੋਵੇ, ਉਹ ਬੁਢੇਂ ਨਹੀਂ ਹੁੰਦੇ-

*ਗੁਰਮੁਖਿ ਬੁਢੇ ਕਦੇ ਨਾਹੀ*
*ਜਿਨ੍ਾ ਅੰਤਰਿ ਸੁਰਤਿ ਗਿਆਨੁ॥*
*ਸਦਾ ਸਦਾ ਹਰਿ ਗੁਣ ਰਵਹਿ*
*ਅੰਤਰਿ ਸਹਜ ਧਿਆਨੁ॥*
*ਓਇ ਸਦਾ ਅਨੰਦਿ ਬਿਬੇਕ ਰਹਹਿ*
*ਦੁਖਿ ਸੁਖਿ ਏਕ ਸਮਾਨਿ॥*
*ਤਿਨਾ ਨਦਰੀ ਇਕੋ ਆਇਆ*
*ਸਭੁ ਆਤਮ ਰਾਮੁ ਪਛਾਨੁ॥੪੪॥ ਅੰਗ - ੧੪੧੮*

ਇਹ ਇਕ ਰਹੱਸ ਹੈ ਜਿਸ ਨੂੰ ਮਾਦਾ-ਪ੍ਰਸਤ ਮਨੁੱਖ ਬਿਲਕੁਲ ਨਹੀਂ ਸਮਝ ਸਕਦੇ। ਉਹਨਾਂ ਦੇ ਭਾਣੇ ਸਰੀਰ ਹੀ ਸਭ ਕੁਝ ਹੁੰਦਾ ਹੈ ਤੇ ਉਹ ਸਦਾ ਦੇਹ-ਅਧਿਆਸ ਵਿਚ ਉਲਝੇ ਰਹਿੰਦੇ ਹਨ।

## ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ

ਸਤਿਗੁਰੂ ਅਮਰਦਾਸ ਜੀ ਨੇ ਇਹ ਦੇਖ ਕੇ, ਕਿ ਅਕਾਲ ਪੁਰਖ ਵਾਹਿਗੁਰੂ ਵਲੋਂ ਸਦੀਵੀ ਮਿਲਾਪ ਦਾ ਸੱਦਾ ਆ ਗਿਆ ਹੈ ਤੇ ਪੰਜ-ਭੂਤਕ ਸਰੀਰ ਨੂੰ ਛੱਡ ਕੇ ਆਪਣੀ ਜੋਤੀ ਨੂੰ ਪਰਮ ਜੋਤੀ ਵਿਚ ਲੀਨ ਕਰਨ ਦਾ ਸੁਭਾਗ ਅਵਸਰ ਆ ਜੁੜਿਆ ਹੈ, ਆਪਣੇ ਸਿੱਖ ਪਰਵਾਰ ਨੂੰ ਬੁਲਾ ਭੇਜਿਆ ਅਤੇ ਆਪਣੇ ਸਚ-ਖੰਡ ਪਿਆਨੇ ਦਾ ਸੁਨੇਹਾ ਸੁਣਾਇਆ। ਸਾਰੇ ਸਨੇਹੀਆਂ ਵਿਚ ਇਸ ਨਾਲ ਸ਼ੋਕ ਦੀ ਲਹਿਰ ਦੌੜ ਜਾਣੀ ਸੁਭਾਵਕ ਗੱਲ ਸੀ। ਸਤਿਗੁਰਾਂ ਨੇ ਅਨੁਭਵ ਕਰਕੇ ਉਹਨਾਂ ਨੂੰ ਇਸ ਸੰਬੰਧੀ ਗੁਰਮਤਿ-ਉਪਦੇਸ਼ ਕੀਤਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਦ' ਦੇ ਸਿਰਲੇਖ ਥੱਲੇ ਬਾਬਾ ਸੁੰਦਰ ਜੀ ਦੇ ਨਾਮ ਹੇਠ ਰਾਮਕਲੀ ਰਾਗ ਵਿਚ ਅੰਕਤ ਹੈ। ਇਸ ਦਾ ਸਾਰੰਸ਼ ਇਸ ਪ੍ਰਕਾਰ ਹੈ -

੧. ਸਤਿਗੁਰੂ ਨੂੰ ਆਪਣੇ ਮਾਲਕ ਅਕਾਲ ਪੁਰਖ ਵਲੋਂ ਸਦੀਵੀ ਮਿਲਾਪ ਦਾ ਸੱਦਾ ਆ ਗਿਆ ਹੈ। ਅਕਾਲ ਪੁਰਖ ਦਾ ਇਹ ਭਾਣਾਂ ਗੁਰੂ ਨੂੰ ਪਿਆਰਾ ਲੱਗਾ ਹੈ। ਅਕਾਲ ਪੁਰਖ ਨੂੰ ਓਹੀ ਵਿਅਕਤੀ ਪਿਆਰਾ ਲਗਦਾ ਹੈ ਜਿਸ ਨੂੰ ਉਸ ਦਾ ਭਾਣਾ ਚੰਗਾ ਲਗੇ।

੨. ਅਕਾਲ ਪੁਰਖ ਨਾਲ ਸਦੀਵੀ ਮਿਲਾਪ ਸ਼ਬਦ ਦੁਆਰਾ ਹੁੰਦਾ ਹੈ, ਇਸ ਲਈ ਗੁਰੂ (ਅਮਰਦਾਸ ਜੀ), ਸ਼ਬਦ ਵਿਚ ਸਮਾ ਰਿਹਾ ਹੈ।

੩. ਸ਼ਬਦ ਦਾ ਸਦੀਵੀ ਮਿਲਾਪ ਹੀ ਪਰਮ ਪਦਵੀ ਦੀ ਪ੍ਰਾਪਤੀ ਹੈ, ਜੋ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਦੀ ਕਿਰਪਾ ਦੁਆਰਾ ਮਿਲ ਰਹੀ ਹੈ।

੪. ਮੇਰੇ ਸਰੀਰ ਛੱਡਣ ਸਮੇਂ ਅਤੇ ਇਸ ਤੋਂ ਮਗਰੋਂ ਰੁਦਨ ਨਹੀਂ ਕਰਨਾ। ਜੇ ਅਜਿਹਾ ਕਰੇਗਾ ਉਹ ਮੇਰਾ ਪਿਆਰਾ ਨਹੀਂ, ਕਿਉਂਕਿ ਪੰਜ-ਭੂਤਕੀ ਸਰੀਰ ਤਾਂ ਹਰੇਕ ਨੇ ਹੀ ਛੱਡਣਾ ਹੈ। ਇਹ ਸਮਾਂ ਸਤਿਗੁਰੂ (ਗੁਰੂ ਅਮਰਦਾਸ ਦਾਸ ਜੀ) ਲਈ ਖੁਸ਼ੀ ਦਾ ਮੌਕਾ ਹੈ, ਕਿਉਂਕਿ ਵਾਹਿਗੁਰੂ ਜੀ ਉਨ੍ਹਾਂ ਨੂੰ ਆਪਣੇ ਗਲ ਵਿਚ ਮਿਲਾ ਕੇ ਸਦੀਵੀ ਮਿਲਾਪ ਬਖਸ਼ਣ ਲਗੇ ਹਨ। ਸੋ ਸਤਿਗੁਰੂ ਲਈ ਇਹ ਘੜੀ ਵਿਛੋੜ ਦੀ ਨਹੀਂ, ਮਿਲਾਪ ਦੀ ਹੈ ਅਤੇ ਇਸ ਤਰ੍ਹਾਂ ਇਹ ਖੁਸ਼ੀ ਦਾ ਅਵਸਰ ਹੈ। ਸੋ ਗੁਰੂ ਕੇ ਸਿੱਖਾਂ, ਪੁੱਤਰਾਂ ਨੂੰ ਵੀ ਇਸ ਸਮੇਂ ਖੁਸ਼ ਹੋਣਾ ਚਾਹੀਦਾ ਹੈ।

੫. ਮੇਰੇ ਸਰੀਰ ਛੱਡਣ ਪਿਛੋਂ ਗੁਰਬਾਣੀ ਦਾ ਨਿਰਬਾਣ ਕੀਰਤਨ ਕਰਨਾ। ਕੇਸੋ ਗੋਪਾਲ (ਵਾਹਿਗੁਰੂ) ਦੇ ਪੰਡਿਤਾਂ (ਗੁਰਸਿਖਾਂ) ਨੂੰ ਸੱਦਾ ਦੇਣਾ ਕਿ ਉਹ ਹਰਿ ਹਰਿ ਕਥਾ ਪੜ੍ਹਨ, ਭਾਵ ਸਿਫਤ ਸਾਲਾਹ ਕਰਨ ਅਜਿਹਾ ਕਰਨਾ ਤੱਤ ਗੁਰਮਤਿ ਹੈ। ਹੋਰ ਕਿਸੇ ਪੁਰਾਣ ਆਦਿ ਪੜ੍ਹਨ ਦੀ ਲੋੜ

*(ਬਾਕੀ ਪੰਨਾ 17 'ਤੇ)*

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ

*[ਪ੍ਰਿੰਸੀਪਲ ਇੰਦਰ ਕੌਰ ਜੀ]*

ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤਮ ਵਿਚਾਰਾਂ ਦਾ ਭੰਡਾਰ ਹੈ। ਇਹ ਰਤਨਾਂ ਦੀ ਖਾਣ ਹੈ। ਸੰਸਾਰ ਦੀ ਸਾਰੀ ਧਾਰਮਿਕ ਫ਼ਿਲਾਸਫ਼ੀ ਦਾ ਤੱਤ ਇਸ ਦੇ ਵਿਚੋਂ ਪ੍ਰਾਪਤ ਹੁੰਦਾ ਹੈ। ਇਹ ਸਾਧੂ-ਬਚਨਾਂ ਦਾ ਸਮੂਹ ਹੈ। ਇਨ੍ਹਾਂ ਬਚਨਾਂ ਦੇ ਸੁਣਨ ਤੇ ਕਮਾਉਣ ਨਾਲ ਮਨੁੱਖ ਦੀ ਕਲਿਆਣ ਹੁੰਦੀ ਹੈ -

*ਉਤਮ ਸਲੋਕ ਸਾਧ ਕੇ ਬਚਨ॥*
*ਅਮੁਲੀਕ ਲਾਲ ਏਹਿ ਰਤਨ॥*
*ਸੁਨਤ ਕਮਾਵਤ ਹੋਤ ਉਧਾਰ॥*
*ਆਪਿ ਤਰੈ ਲੋਕਹ ਨਿਸਤਾਰ॥* ਅੰਗ - ੨੯੫

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਏਕਤਾ ਅਤੇ ਭ੍ਰਾਤੀਅਤਾ ਦਰਸਾਈ ਗਈ ਹੈ। ਸਾਰੀ ਮਨੁੱਖਤਾ ਨੂੰ ਇਕ ਰੱਬ ਦੇ ਨਿਸ਼ਾਨ ਹੇਠ ਇਕੱਠਾ ਕੀਤਾ ਗਿਆ ਹੈ। ਮਨੁੱਖਾਂ ਨੂੰ ਆਪਸ ਵਿਚ ਪਿਆਰ ਤੇ ਇਕ ਦੂਜੇ ਦਾ ਸਤਿਕਾਰ ਕਰਨ ਦੀ ਜਾਚ ਦਸੀ ਗਈ ਹੈ। ਇਹਦੇ ਵਿਚ ਸੰਪੂਰਨ ਜੀਵਨ-ਜਾਚ ਹੈ ਕਿਵੇਂ ਮਨੁੱਖ 'ਲੋਕ ਸੁਖੀ ਤੇ ਪ੍ਰਲੋਕ ਸੁਹੇਲੇ' ਹੋ ਸਕਦਾ ਹੈ। ਜਾਤ, ਧਰਮ, ਕਰਮ ਤੇ ਰੁਤਬੇ ਦੇ ਵਿਤਕਰੇ ਮੇਟ ਕੇ ਸੱਚਾ ਜੀਵਨ ਜੀਉਣ ਵਾਲਿਆਂ ਨੂੰ ਮਹਾਨ ਮੰਨਿਆ ਗਿਆ ਹੈ। ਸੱਚੇ ਆਚਾਰ ਨੂੰ ਸਭ ਤੋਂ ਉੱਪਰ ਸਥਾਨ ਦਿਤਾ ਗਿਆ ਹੈ -

*ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ॥* ਅੰਗ - ੬੨

ਇਹ ਮਹਾਂ ਪੁਰਸ਼ਾਂ ਦੀ ਬਾਣੀ ਹੈ। ਇਸ ਬਾਣੀ ਤੇ ਗੁਰੂ ਵਿਚ ਕੋਈ ਭੇਦ ਨਹੀਂ। ਇਹਦੇ ਵਿਚ ਨਾਮ ਰੂਪੀ ਅੰਮ੍ਰਿਤ ਪਾਇਆ ਗਿਆ ਹੈ। ਜੋ ਪੁਰਸ਼ ਗੁਰਬਾਣੀ ਅਨੁਸਾਰ ਜੀਵਨ ਜੀਉਂਦਾ ਹੈ ਉਹ ਸਭ ਕੁਝ ਪ੍ਰਾਪਤ ਕਰ ਲੈਂਦਾ ਹੈ। ਇਸ ਬਾਣੀ ਵਿਚੋਂ ਗੁਰੂ ਦੇ ਪਰੱਤਖ ਦਰਸ਼ਨ ਹੁੰਦੇ ਹਨ -

*ਬਾਣੀ ਗੁਰੂ, ਗੁਰੂ ਹੈ ਬਾਣੀ,*
*ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ,*
*ਪਰਤਖਿ ਗੁਰੂ ਨਿਸਤਾਰੇ॥* ਅੰਗ - ੯੮੨

ਪਰ ਇਸ ਬਾਣੀ ਦੇ ਇਸ ਮਹੱਤਵ ਨੂੰ ਕੋਈ ਵਿਰਲਾ ਹੀ ਵਿਚਾਰਦਾ ਹੈ।

*ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ॥* ਅੰਗ - ੯੩੫

ਇਹ ਬਾਣੀ ਨਿਰੰਕਾਰ ਦੀ ਭੇਜੀ ਹੋਈ ਹੈ ਅਤੇ ਮਨੁੱਖਤਾ ਦਾ ਨਿਜ ਘਰ ਵਿਚ ਵਾਸ ਕਰਾਉਣ ਦੇ ਸਮਰੱਥ ਹੈ -

*ਇਹ ਬਾਣੀ ਮਹਾ ਪੁਰਖ ਕੀ, ਨਿਜ ਘਰਿ ਵਾਸਾ ਹੋਇ॥*

ਇਹ ਅੰਮ੍ਰਿਤ-ਬਾਣੀ ਅਸਲ ਧੱਰੋ ਦਾ ਪਤਾ ਦਿੰਦੀ ਹੈ, ਕਿਉਂਕਿ ਇਹ ਗਿਆਨ ਧਿਆਨ ਦੀ ਹਾਲਤ ਵਿਚ ਗੁਰਮੁਖਾਂ ਦੇ ਰਾਹੀਂ ਸੰਸਾਰ ਵਿਚ ਪ੍ਰਗਟ ਹੋਈ ਹੈ। ਇਸ ਨੂੰ ਰਚਣ ਵਾਲੇ ਗੁਰਮੁਖ ਹਨ। ਇਸ ਨੂੰ ਕਮਾਉਣ ਵਾਲੇ ਗੁਰਮੁਖ ਹੋ ਜਾਂਦੇ ਹਨ ਤੇ ਉਚੀ ਸੁਰਤੀ ਵਾਲਿਆਂ ਨੇ ਬਖ਼ਸ਼ਸ਼ ਦਵਾਰਾ ਇਸ ਦਾ ਅਭਿਆਸ ਤੇ ਮੰਨਣ ਕੀਤਾ ਹੈ!

*ਅੰਮ੍ਰਿਤ ਬਾਣੀ ਤਤੁ ਵਖਾਣੀ,*
*ਗਿਆਨ ਧਿਆਨ ਵਿਚਿ ਆਈ॥*
*ਗੁਰਮੁਖਿ ਆਖੀ ਗੁਰਮੁਖਿ ਜਾਤੀ,*
*ਸੁਰਤੀ ਕਰਮਿ ਧਿਆਈ॥* ਅੰਗ - ੧੨੪੩

ਸ੍ਰੀ ਗੁਰੂ ਗ੍ਰੰਥ ਸਾਹਿਬ ਇਤਨੇ ਮਹਾਨ ਹਨ ਕਿ ਕਿਸੇ ਵੀ ਅਲਪੱਗ ਜੀਵ ਦੀ ਵਿਚਾਰ-ਸ਼ਕਤੀ ਇਨ੍ਹਾਂ ਦੀ ਤਹਿ ਤਕ ਨਹੀਂ ਪੁੱਜ ਸਕਦੀ, ਹਾਂ ਇਸ ਅੰਮ੍ਰਿਤ-ਕੁੰਡ ਵਿਚ ਚੁੱਭੀ ਮਾਰਿਆਂ ਆਪੋ ਆਪਣੀ ਸ਼ਕਤੀ ਅਨੁਸਾਰ ਕੁਝ ਨਾ ਕੁਝ ਜ਼ਰੂਰ ਪ੍ਰਾਪਤ ਹੋ ਜਾਂਦਾ ਹੈ, ਪਰ ਇਹ ਵਿਚਾਰ ਬਨਿਆ ਹੀ ਰਹਿੰਦਾ ਹੈ ਕਿ ਗੱਲ ਪੂਰੇ ਤੌਰ ਤੇ ਬਣੀ ਨਹੀਂ। ਇਹ ਬਣਨੀ ਵੀ ਨਹੀਂ, ਕਿਉਂਕਿ ਮਨੁੱਖੀ ਸ਼ਕਤੀ ਕਿਸੇ ਸੀਮਾ ਦੇ ਅੰਦਰ ਹੈ ਤੇ ਇਹ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਅਮਿੱਤ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਵਿਸ਼ਿਆਂ ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ, ਜਿਵੇਂ :- ਨਿਰੰਕਾਰ, ਗੁਰੂ, ਨਾਮ, ਸਤਸੰਗਤਿ, ਗੁਰਮੁਖ, ਸੰਤ, ਸਾਧ, ਜਨ, ਸਿਖ, ਭਗਤ ਯੋਗੀ, ਮਾਇਆ, ਸੰਸਾਰ, ਰਚਨਾ, ਬਖ਼ਸ਼ਸ਼ ਆਦਿ।

ਸਾਡੀ ਅੱਜ ਦੀ ਵਿਚਾਰ ਦਾ ਵਿਸ਼ਾ ਆਦਰਸ਼ਕ ਮਨੁੱਖ ਤਕ ਸੀਮਤ ਹੈ। ਪੂਰਾ ਵਿਸ਼ਾ ਹੈ 'ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ ਦਾ ਸੰਕਲਪ'। ਆਦਰਸ਼ਕ ਸ਼ਬਦ ਦਾ ਅਰਥ ਹੈ ਪ੍ਰਮਾਣੀਕ ਮਨੁਖ ਜਾਂ ਨਮੂਨੇ ਦਾ ਇਨਸਾਨ। ਇਸ ਸ਼ਬਦ ਦਾ ਅਰਥ-ਵਿਚਾਰ ਪ੍ਰਦਰਸ਼ਕ ਵੀ ਕੀਤਾ ਜਾਂਦਾ ਹੈ। ਸੰਕਲਪ ਦਾ ਅਰਥ ਹੈ ਮਨੋਰਥ ਜਾਂ ਖਿਆਲ। ਜੇ ਗਹੁ ਨਾਲ ਵੇਖੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਤੌਰ ਤੇ ਆਦਰਸ਼ਕ ਮਨੁਖ ਗੁਰਮੁਖ ਜਾਂ ਗੁਰੂ ਹੈ। ਗੁਰਮੁਖ ਨਿਰੰਕਾਰ ਨਾਲ ਅਭੇਦ ਵੀ ਹੈ ਅਤੇ ਸੰਸਾਰ ਵਿਚ ਵੀ ਪੂਰਨ ਪੁਰਖ ਹੋ ਕੇ ਵਿਚਰਦਾ ਹੈ। ਗੁਰੂ ਪਾਰਸ ਹੈ, ਬ੍ਰਹਮ ਗਿਆਨੀ ਹੈ, ਜੀਵਨ-ਮੁਕਤ ਹੈ ਅਤੇ ਨਾਮ ਦਾ ਦਾਤਾ ਹੈ। ਇਹ ਗਿਆਨ ਦਾ ਪ੍ਰਕਾਸ਼ ਬਖਸ਼ ਕੇ ਮਨੁੱਖੀ ਮਨ ਚੋਂ ਅਗਿਆਨਤਾ ਦਾ ਹਨੇਰਾ ਦੂਰ ਕਰਦਾ ਹੈ। ਗੁ' ਸ਼ਬਦ ਦੇ ਅਰਥ ਹਨੇਰਾ ਹਨ ਅਤੇ 'ਰੂ' ਦੇ ਪ੍ਰਕਾਸ਼ ਭਾਵ ਹਨੇਰੇ ਨੂੰ ਦੂਰ ਕਰ ਕੇ ਪ੍ਰਕਾਸ਼ ਕਰਨ ਵਾਲਾ। ਗੁਰਬਾਣੀ ਵਿਚ ਲਿਖਿਆ ਹੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਅੰਗ - ੨੯੩*

ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਸੰਭਵ ਵੀ ਨਹੀਂ-

*ਗੁਰ ਬਿਨੁ ਗਿਆਨੁ ਨ ਹੋਇ॥ ਅੰਗ - ੪੬੯*

ਆਤਮ ਤਤਵ ਨੂੰ ਜਾਣਨ ਵਾਲਾ ਹੀ ਗੁਰੂ ਹੋ ਸਕਦਾ ਹੈ। ਗੁਰਬਾਣੀ ਵਿਚ ਸਤਿਗੁਰੂ ਸ਼ਬਦ ਬਹੁਤੀ ਥਾਈਂ ਆਇਆ ਹੈ। ਇਹ ਸਤਯ ਤੇ ਗੁਰ ਦੋ ਸ਼ਬਦਾਂ ਤੋਂ ਬਣਿਆ ਹੈ। ਇਸ ਦਾ ਭਾਵ ਹੈ ਸੱਚਾ ਗੁਰੂ, ਸ੍ਰੇਸ਼ਟ ਗੁਰੂ ਜਿਹੜਾ ਮਨ, ਬਚਨ ਤੇ ਕਰਮ ਕਰਕੇ ਸੱਚਾ ਹੈ ਜਿਸਦੇ ਮਿਲਣ ਨਾਲ ਮਨ ਨੂੰ ਸੱਚਾ ਅਨੰਦ ਪ੍ਰਾਪਤ ਹੁੰਦਾ ਹੈ -

*ਜਿਸੁ ਮਿਲਿਐ ਮਨਿ ਹੋਇ ਅਨੰਦੁ,*
*ਸੋ ਸਤਿਗੁਰੁ ਕਹੀਐ। ਅੰਗ - ੧੬੮*

ਗੁਰੂ ਜੀਵ ਨੂੰ ਪ੍ਰਮਾਤਮਾ ਨਾਲ ਮਿਲਣ ਵਾਲਾ ਹੈ-

*ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ, ਹਰਿ ਦਰਗਹ ਕਾ ਬਸੀਠੁ॥*
*ਅੰਗ - ੯੫੭*

ਗੁਰੂ ਸੱਚਾ ਸੱਜਣ ਹੈ, ਜੋ ਮਿਤ੍ਰ-ਵਿਚੋਲਾ ਹੋ ਕੇ ਜੀਵਾਤਮਾ ਦਾ ਪ੍ਰਮਾਤਮਾ ਨਾਲ ਮੇਲ''ਕਰਾਉਂਦਾ ਹੈ -

*ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ,*
*ਜੈ ਮਿਲਿ ਕੰਤੁ ਪਛਾਣਾ॥ ਅੰਗ - ੯੬੮*

ਗੁਰੂ ਹਰੀ ਦਾ ਨਾਮ ਰੂਪੀ ਮੰਤ੍ਰ ਦੇ ਕੇ ਹਉਮੈ ਰੋਗ ਨੂੰ ਕੱਟ ਦਿੰਦਾ ਹੈ -

*ਹਰਿ ਨਾਮੋ ਮੰਤ੍ਰ ਦ੍ਰਿੜਾਇਦਾ, ਕਟੇ ਹਉਮੈ ਰੋਗੁ॥*

ਅਜਿਹਾ ਗੁਰੂ ਸੰਜੋਗ ਨਾਲ ਹੀ ਮਿਲਦਾ ਹੈ -

*ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥ ਅੰਗ - ੯੫੭*

ਨਾਮ ਦੇ ਖਜ਼ਾਨੇ ਦੀ ਕੁੰਜੀ ਗੁਰੂ ਦੇ ਪਾਸ ਹੈ, ਗੁਰੂ ਬਿਨਾਂ ਇਸਦਾ ਤਾਕ ਨਹੀਂ ਖੁਲ੍ਹਦਾ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ,*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ, ਨਹੀ ਪਾਵੈ,*
*ਬਿਨੁ ਸਤਿਗੁਰ ਸਰਣਾਈ॥ ਅੰਗ - ੨੦੫*

ਸਤਿਗੁਰੂ ਵਿਚ ਅਨੇਕ ਗੁਣ ਹਨ। ਮਹਿਮਾ ਅਕਥ ਹੈ, ਇਸ ਪੂਰਨ ਗੁਰੂ ਦੀਆਂ ਸਿਫ਼ਤਾਂ ਤੇ ਕੰਮਾਂ ਬਾਰੇ ਵਿਚਾਰ ਕਰਨ ਦਾ ਨਿਮਾਣਾ ਜਿਹਾ ਕਰਨ ਦੀ ਕੋਸ਼ਿਸ਼ ਅਸਾਂ ਕਰਨੀ ਹੈ।

ਸਭ ਤੋਂ ਪਹਿਲਾ ਸਵਾਲ ਉਠਦਾ ਹੈ ਕਿ ਗੁਰੂ ਅਖਵਾਣ ਦਾ ਹੱਕ ਕੌਣ ਰਖਦਾ ਹੈ। ਗੁਰਬਾਣੀ ਇਸ ਪ੍ਰਸ਼ਨ ਦਾ ਉੱਤਰ ਦਿੰਦੀ ਹੈ -

*ਸਤਿ ਪੁਰਖੁ ਜਿਨਿ ਜਾਨਿਆ,*
*ਸਤਿਗੁਰੁ ਤਿਸਕਾ ਨਾਉ॥ ਅੰਗ - ੨੮੬*

ਅਜਿਹੇ ਪੂਰਨ ਗੁਰੂ ਰਾਹੀਂ ਹੀ ਸਿਖ ਦਾ ਉਧਾਰ ਹੋ ਸਕਦਾ ਹੈ। ਬ੍ਰਹਮ ਨੂੰ ਜਾਣਨ ਵਾਲਾ ਹੀ ਸਤਿਗੁਰੂ ਹੋ ਸਕਦਾ ਹੈ।

*ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ,*
*ਹਰਿ ਹਰਿ ਕਥਾ ਸੁਣਾਵੈ।*

ਸਤਿਗੁਰੂ ਸਮਰਥ ਹੈ। ਉਸਦੀ ਸੇਵਾ ਕਰਨ ਨਾਲ ਮਨ-ਇਛਤ ਫਲ ਦੀ ਪ੍ਰਾਪਤੀ ਹੁੰਦੀ ਹੈ। ਉਸਦੀ ਪਾਤਸ਼ਾਹੀ ਸਦਾ ਕਾਇਮ ਹੈ, ਗੁਰੂ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ -

*ਸਭ ਤੇ ਵਡ ਸਮਰਥ ਗੁਰਦੇਵ॥*
*ਸਭਿ ਸੁਖ ਪਾਈ ਤਿਸ ਕੀ ਸੇਵ॥ਰਹਾਉ॥*

*ਜਾ ਕਾ ਕੀਆ ਸਭੁ ਕਿਛੁ ਹੋਇ॥*
*ਤਿਸਕਾ ਅਮਰੁ ਨ ਮੇਟੈ ਕੋਇ॥*
*ਪਾਰਬ੍ਰਹਮੁ ਪਰਮੇਸਰੁ ਅਨੂਪੁ॥*
*ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥੨॥*
*ਅੰਗ - ੧੧੫੨*

ਸਤਿਗੁਰ ਨਿਰਵੈਰ ਹੈ। ਅਪਰਾਧੀਆਂ ਨੂੰ ਬਖ਼ਸ਼ਣ ਵਾਲਾ ਹੈ। ਐਸੇ ਸਤਿਗੁਰੂ ਨੂੰ ਨਮਸਕਾਰ ਹੈ–

*ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ॥*
*ਹਮ ਅਪਰਾਧੀ ਤੁਮ੍, ਬਖਸਾਤੇ॥*
*ਜਿਸੁ ਪਾਪੀ ਕਉ ਮਿਲੈ ਨ ਢੋਈ॥*
*ਸਰਣਿ ਆਵੈ ਤਾਂ ਨਿਰਮਲੁ ਹੋਈ॥੧॥*
*ਸੁਖੁ ਪਾਇਆ ਸਤਿਗੁਰੂ ਮਨਾਇ॥*
*ਸਭ ਫਲ ਪਾਏ ਗੁਰੂ ਧਿਆਇ॥੧॥ਰਹਾਉ॥*
*ਪਾਰਬ੍ਰਹਮ ਸਤਿਗੁਰ ਆਦੇਸੁ॥*
*ਮਨੁ ਤਨੁ ਤੇਰਾ ਸਭੁ ਤੇਰਾ ਦੇਸੁ॥ ਅੰਗ - ੧੧੪੧*

ਗੁਰੂ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ। ਗੁਰੂ ਖੁਸ਼ ਹੋਵੇ ਤਾਂ ਸਭ ਕੁਝ ਪ੍ਰਾਪਤ ਹੁੰਦਾ ਹੈ -

*ਗੁਰੁ ਨਾਰਾਇਣੁ, ਦਯੁ ਗੁਰੁ,*
*ਗੁਰੁ ਸਚਾ ਸਿਰਜਣਹਾਰੁ॥*
*ਗੁਰਿ ਤੁਠੈ ਸਭ ਕਿਛੁ ਪਾਇਆ,*
*ਜਨ ਨਾਨਕ ਸਦ ਬਲਿਹਾਰ॥ ਅੰਗ - ੨੧੮*

ਵਾਸਤਵ ਵਿਚ ਪਾਰਬ੍ਰਹਮ ਤੇ ਗੁਰੂ ਮਿਲ ਕੇ ਇਕ ਹੋ ਜਾਂਦੇ ਹਨ -

*ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥ ਅੰਗ - ੧੧੪੨*

*ਗੁਰ ਗੋਵਿੰਦੁ, ਗੋਵਿੰਦੁ ਗੁਰੂ ਹੈ,*
*ਨਾਨਕ ਭੇਦੁ ਨ ਭਾਈ॥ ਅੰਗ - ੪੪੨*

ਗੁਰ ਦਾਤਾ ਹੈ, ਸਮਰੱਥ ਹੈ, ਡੁਬਦੇ ਨੂੰ ਤਾਰਨ ਵਾਲਾ ਹੈ। ਗੁਰੂ ਗਹਿਰ ਗੰਭੀਰ ਹੈ, ਸੁਖਾਂ ਦਾ ਸਾਗਰ ਹੈ, ਪਾਪਾਂ ਦਾ ਨਾਸ਼ ਕਰਨ ਵਾਲਾ ਹੈ। ਗੁਰੂ ਨਾਲ ਕਿਸੇ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ -

*ਗੁਰੁ ਦਾਤਾ, ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥*
*ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥੨॥*
*ਕਿਤੁ ਮੁਖਿ ਗੁਰੁ ਸਾਲਾਹੀਐ, ਕਰਣ ਕਾਰਣ ਸਮਰਥੁ॥*
*ਸੇ ਮਥੇ ਨਿਹਚਲ ਰਹੇ, ਜਿਨ ਗੁਰਿ ਧਾਰਿਆ ਹਥੁ॥*
*ਗੁਰਿ ਅੰਮ੍ਰਿਤ ਨਾਮੁ ਪੀਆਲਿਆ, ਜਨਮ ਮਰਨ ਕਾ ਪਥੁ॥*
*ਗੁਰੁ ਪਰਮੇਸਰੁ ਸੇਵਿਆ, ਭੈ ਭੰਜਨੁ ਦੁਖ ਲਥੁ॥੩॥*
*ਸਤਿਗੁਰੁ ਗਹਿਰ ਗੰਭੀਰੁ ਹੈ ਸੁਖ ਸਾਗਰੁ ਅਘਖੰਡੁ॥*
*ਜਿਨਿ ਗੁਰੁ ਸੇਵਿਆ ਆਪਣਾ, ਜਮਦੂਤ ਨ ਲਾਗੈ ਡੰਡੁ॥*
*ਗੁਰ ਨਾਲਿ ਤੁਲਿ ਨ ਲਗਈ, ਖੋਜਿ ਡਿਠਾ ਬ੍ਰਹਮੰਡੁ॥*
*ਅੰਗ - ੪੯-੫੦*

ਗੁਰੂ ਜੀਅ-ਦਾਨ ਬਖਸ਼ਣ ਵਾਲਾ ਹੈ, ਇਸ ਲਈ ਸਭ ਤੋਂ ਵਡਾ ਦਾਤਾ ਹੈ -

*ਗੁਰ ਜੇਵਡੁ ਦਾਤਾ ਕੋ ਨਹੀ,*
*ਜਿਨਿ ਦਿਤਾ ਆਤਮ ਦਾਨੁ॥ ਅੰਗ - ੫੨*

ਗੁਰੂ ਤੀਰਥ ਹੈ, ਪਾਰਜਾਤ ਹੈ, ਮਨ ਦੀਆਂ ਇਛਾਂਵਾਂ ਪੂਰਨ ਕਰਦਾ ਹੈ। ਗੁਰੂ ਦੇ ਦਿਤੇ ਨਾਮ ਰਾਹੀਂ ਸੰਸਾਰ ਦਾ ਉਧਾਰ ਹੁੰਦਾ ਹੈ। ਗੁਰੂ ਦੀ ਮਹਿਮਾ ਅਕਥ ਹੈ -

*ਗੁਰੁ ਤੀਰਥੁ ਗੁਰੁ ਪਾਰਜਾਤ*
*ਗੁਰੁ ਮਨਸਾ ਪੂਰਣਹਾਰੁ॥*
*ਗੁਰੁ ਦਾਤਾ, ਹਰਿ ਨਾਮੁ ਦੇਇ,*
*ਉਧਰੈ ਸਭੁ ਸੰਸਾਰੁ॥*
*ਗੁਰੁ ਸਮਰਥੁ ਗੁਰੁ ਨਿਰੰਕਾਰੁ*
*ਗੁਰੁ ਊਚਾ ਅਗਮ ਅਪਾਰੁ॥*
*ਗੁਰ ਕੀ ਮਹਿਮਾ ਅਗਮ ਹੈ,*
*ਕਿਆ ਕਥੇ ਕਥਨਹਾਰੁ॥੩॥ ਅੰਗ - ੫੨*

ਪ੍ਰਮਾਤਮਾ ਦੀ ਬਖਸ਼ਿਸ਼ ਦਵਾਰਾ ਜਦੋਂ ਗੁਰੂ ਮਿਲਦਾ ਹੈ ਤਾਂ ਹਨੇਰੇ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ -

*ਕਰਿ ਕਿਰਪਾ ਜਉ ਸਤਿਗੁਰੁ ਮਿਲਿਓ॥*
*ਮਨ ਮੰਦਰ ਮਹਿ ਦੀਪਕੁ ਜਲਿਓ॥*
*ਜੀਤ ਹਾਰ ਕੀ ਸੋਝੀ ਕਰੀ॥*
*ਤਉ ਇਸੁ ਘਰ ਕੀ ਕੀਮਤਿ ਪਰੀ॥ ਅੰਗ - ੨੩੫*

*ਅੰਧ ਕੂਪ ਮਹਿ ਦੀਪਕੁ ਬਲਿਓ,*
*ਗੁਰਿ ਰਿਦੈ ਕੀਓ ਪਰਗਾਸਾ॥ ਅੰਗ - ੧੨੧੨*

ਗੁਰੁ-ਦੀਪਕ ਤੋਂ ਹੀ ਮਨੁੱਖੀ ਹਿਰਦੇ ਦਾ ਦੀਪਕ ਬਲ ਸਕਦਾ ਹੈ। ਫਿਰ ਤਿੰਨਾਂ ਭਵਣਾਂ ਵਿਚ ਹਰੀ ਦੀ ਜੋਤਿ ਪਸਰੀ ਹੋਈ ਦਿਸ ਆਉਂਦੀ ਹੈ -

*ਦੀਪਕ ਤੇ ਦੀਪਕੁ ਪਰਗਾਸਿਆ,*
*ਤ੍ਰਿਭਵਣ ਜੋਤਿ ਦਿਖਾਈ॥ ਅੰਗ - ੯੦੨*

ਮਹਾਂ ਮੂਰਖ ਤੋਂ ਗੁਰੂ ਹੀ ਗਿਆਨੀ ਬਨਾਣ ਦੀ ਸਮਰਥਾ ਰਖਦਾ ਹੈ -

*ਮਹਾ ਮੁਗਧ ਤੇ ਕੀਆ ਗਿਆਨੀ।*
*ਗੁਰ ਪੂਰੇ ਕੀ ਅਕਥ ਕਹਾਨੀ॥ ਅੰਗ - ੧੩੩੮*

ਗੁਰੂ ਰਾਹੀਂ ਕਾਮਾਦਿਕ ਦੋਸ਼ਾਂ ਤੋਂ ਬਚਾਉ ਹੁੰਦਾ ਹੈ -

*ਅਬ ਮੋਰੋ ਪੰਚਾ ਤੇ ਸੰਗੁ ਤੂਟਾ॥*
*ਦਰਸਨੁ ਦੇਖਿ ਭਏ ਮਨਿ ਆਨਦ,*
*ਗੁਰ ਕਿਰਪਾ ਤੇ ਛੂਟਾ॥੧॥ਰਹਾਉ॥ ਅੰਗ - ੧੨੧੦*

ਗੁਰੂ ਮਲਾਹ ਬਣ ਕੇ ਭਵ ਸਾਗਰ ਤੋਂ ਪਾਰ ਉਤਾਰਦਾ ਹੈ। ਗੁਰੂ ਦੀ ਸੇਵਾ ਨਾਲ ਜਮਾਂ ਤੋਂ ਛੁਟਕਾਰਾ ਮਿਲਦਾ ਹੈ।

ਹਨੇਰੇ ਵਿਚ ਗੁਰੂ ਦਾ ਮੰਤ੍ਰ ਹੀ ਚਾਨਣ ਕਰਦਾ ਹੈ। ਗੁਰੂ ਦੇ ਹੁਕਮ ਨੂੰ ਕੋਈ ਨਹੀਂ ਮੇਟ ਸਕਦਾ। ਗੁਰੂ ਨਾਨਕ ਹੈ ਅਤੇ ਨਾਨਕ, ਵਾਹਿਗੁਰੂ ਦਾ ਰੂਪ ਹੈ।

*ਗੁਰੁ ਬੋਹਿਥੁ ਤਾਰੇ ਭਵ ਪਾਰਿ॥*
*ਗੁਰ ਸੇਵਾ ਜਮ ਤੇ ਛੁਟਕਾਰਿ॥*
*ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥*
*ਗੁਰ ਕੈ ਸੰਗਿ ਸਗਲ ਨਿਸਤਾਰਾ॥੩॥*
*ਗੁਰ ਕਾ ਸਬਦੁ ਨ ਮੇਟੈ ਕੋਇ॥*
*ਗੁਰੁ ਨਾਨਕੁ ਨਾਨਕੁ ਹਰਿ ਸੋਇ॥੪॥ ਅੰਗ - ੮੬੪*

ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ -

*ਕਹੁ ਨਾਨਕ ਪ੍ਰਭਿ ਇਹੈ ਜਨਾਈ॥*
*ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ ਅੰਗ - ੮੬੪*

ਗੁਰੂ ਤੇ ਹਰੀ ਦੇ ਚਿਹਨ ਮਿਲਦੇ ਹਨ। ਹਰੀ ਹੀ ਗੁਰੂ ਵਿਚ ਹੋ ਕੇ ਵਰਤਦਾ ਹੈ। ਧੰਨ ਗੁਰੂ ਹੈ ਜੋ ਸਮਦਰਸੀ ਹੈ ਅਤੇ ਨਿੰਦਾ ਉਸਤਤ ਨੂੰ ਤਰ ਚੁਕਾ ਹੈ -

*ਹਰਿ ਕਾ ਚਿਹਨੁ ਸੋਈ ਹਰਿ ਜਨ ਕਾ,*
*ਹਰਿ ਆਪੇ ਜਨ ਮਹਿ ਆਪੁ ਰਖਾਂਤਿ*
*ਧਨੁ ਧੰਨੁ ਗੁਰੂ ਨਾਨਕ ਸਮਦਰਸੀ,*
*ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ॥ ਅੰਗ - ੧੨੬੪*

ਗੁਰੂ ਪਾਰਸ ਹੈ ਜਿਸਦੀ ਛੂਹ ਨਾਲ ਜੀਵ ਉਤਮ ਹੋ ਜਾਂਦਾ ਹੈ ਅਤੇ ਅਦ੍ਰਿਸ਼ਟ ਅਗੋਚਰ ਪ੍ਰਮਾਤਮਾ ਨਾਲ ਅਭੇਦ ਹੁੰਦਾ ਹੈ -

*ਗੁਰ ਪਾਰਸ ਹਮ ਲੋਹ, ਮਿਲਿ ਕੰਚਨੁ ਹੋਇਆ ਰਾਮ॥*
*ਜੋਤਿ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ॥*
*ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ,*
*ਹਉ ਸਤਿਗੁਰ ਕੈ ਬਲਿਹਾਰੀਐ॥ ਅੰਗ - ੧੧੧੪*

ਗੁਰੂ ਆਪ ਵੀ ਆਪਣੇ ਪਾਰਸ ਗੁਰੂ ਦੀ ਛੂਹ ਪ੍ਰਾਪਤ ਕਰਕੇ, ਪਾਰਸ ਬਣਿਆ ਹੈ। ਮਥੁਰਾ ਭਟ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਕਰਦਿਆਂ ਕਹਿੰਦਾ ਹੈ -

*ਪ੍ਰਗਟ ਜੋਤਿ ਜਗਮਗੈ,*
*ਤੇਜੁ ਭੂਅ ਮੰਡਲਿ ਛਾਯਉ॥*
*ਪਾਰਸੁ ਪਰਸਿ ਪਰਸੁ ਪਰਸਿ*
*ਗੁਰਿ ਗੁਰੂ ਕਹਾਯਉ॥ ਅੰਗ - ੧੪੦੮*

ਗੁਰੂ ਪ੍ਰਮਾਤਮਾ ਨਾਲ ਇਕ ਹੋਣ ਕਰਕੇ ਅਭੁੱਲ ਹੈ-

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥*
*ਅੰਗ - ੬੧*

ਨਲ ਭਟ ਕਹਿੰਦਾ ਹੈ ਅਜਿਹੇ ਗੁਰੂ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੇ ਨਾ ਗੁਰੂ ਨੂੰ ਵੇਖਿਆ ਹੈ ਤੇ ਨਾ ਹੀ ਸ਼ਰਨ ਲਈ ਹੈ ਉਨ੍ਹਾਂ ਦਾ ਸੰਸਾਰ ਤੇ ਆਉਣਾ ਨਿਸਫਲ ਹੈ -

*ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ,*
*ਗੁਰੂ ਸਤਿ ਕਵਿ ਨਲ੍ਯ ਕਹਿ॥*
*ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ,*
*ਤੇ ਅਕਯਥ ਸੰਸਾਰ ਮਹਿ॥ ਅੰਗ - ੧੩੯੯*

ਗੁਰੂ ਦੀ ਸ਼ਕਤੀ ਅਪਾਰ ਹੈ। ਉਹ ਕੱਚ ਤੋਂ ਕੰਚਨ ਕਰ ਦਿੰਦਾ ਹੈ, ਬਿਖ ਤੋਂ ਅੰਮ੍ਰਿਤ ਬਣਾ ਦਿੰਦਾ ਹੈ, ਲੋਹੇ ਤੋਂ ਲਾਲ ਕਰ ਸਕਦਾ ਹੈ, ਪੱਥਰ ਤੋਂ ਹੀਰਾ ਬਣਾ ਦਿੰਦਾ ਹੈ, ਕਾਠ ਤੋਂ ਚੰਦਨ ਵਿਚ ਬਦਲ ਦਿੰਦਾ ਹੈ ਅਤੇ ਪਸ਼ੂ ਪ੍ਰੇਤ ਤੋਂ ਦੇਵਤਾ ਬਣਾਣ ਦੀ ਸਮਰਥਾ ਰਖਦਾ ਹੈ।

*ਕਚਹੁ ਕੰਚਨੁ ਭਇਅਉ,*
*ਸਬਦੁ ਗੁਰ ਸ੍ਰਵਣਹਿ ਸੁਣਿਓ॥*
*ਬਿਖੁ ਤੇ ਅੰਮ੍ਰਿਤੁ ਹੁਯਉ,*
*ਨਾਮੁ ਸਤਿਗੁਰ ਮੁਖਿ ਭਣਿਅਉ॥*
*ਲੋਹਉ ਹੋਯਉ ਲਾਲੁ,*
*ਨਦਰਿ ਸਤਿਗੁਰ ਜਦਿ ਧਾਰੈ॥*
*ਪਾਹਣ ਮਾਣਕ ਕਰੈ,*
*ਗਿਆਨੁ ਗੁਰ ਕਹਿਅਉ ਬੀਚਾਰੈ॥*
*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ,*
*ਦੁਖ ਦਰਿਦ੍ਰ ਤਿਨ ਕੇ ਗਇਅ॥*
*ਸਤਿਗੁਰੂ ਚਰਨ ਜਿਨ੍ਹ ਪਰਸਿਆ,*
*ਸੇ ਪਸੁ ਪਰੇਤ ਸੁਰਿ ਨਰ ਭਇਅ॥ ਅੰਗ - ੧੩੯੯*

ਗੁਰੂ ਹੀ ਆਦਰਸ਼ਕ ਮਨੁੱਖ ਹੈ, ਪੂਰਨ ਹੈ। ਗੁਰੂ ਹੀ ਨਿਰੰਕਾਰ ਨਾਲ ਜੁੜਿਆ ਹੋਇਆ ਹੋਣ ਕਾਰਨ ਸੱਚਾ ਯੋਗੀ ਹੈ। ਗੁਰੂ ਨਿਰਾਕਾਰ ਦੀ ਹਜ਼ੂਰੀ ਰੂਪੀ ਦਸਮ ਦੁਆਰ ਵਿਚ ਸਮਾਧੀ ਸਥਿਤ ਹੈ -

*ਜਤੁ ਸਤੁ ਸੰਜਮ ਸਾਚੁ ਦ੍ਰਿੜਾਇਆ,*
*ਸਾਚ ਸਬਦਿ ਰਸਿ ਲੀਣਾ॥੧॥*
*ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥*
*ਅਹਿਨਿਸਿ ਰਹੈ ਏਕ ਲਿਵ ਲਾਗੀ,*
*ਸਾਚੇ ਦੇਖਿ ਪਤੀਣਾ॥੧॥ਰਹਾਉ॥*
*ਰਹੈ ਗਗਨ ਪੁਰਿ, ਦ੍ਰਿਸਟਿ ਸਮੈਸਰਿ,*
*ਅਨਹਤ ਸਬਦਿ ਰੰਗੀਣਾ॥੨॥*
*ਸਤੁ ਬੰਧਿ ਕੁਪੀਨ ਭਰਪੁਰਿ ਲੀਣਾ,*
*ਜਿਹਵਾ ਰੰਗਿ ਰਸੀਣਾ॥੩॥ ਅੰਗ - ੯੦੨*

ਗੁਰੂ ਆਪ ਆਦਰਸ਼ਕ ਤੇ ਪੁਗਿਆ ਹੋਇਆ ਹੈ ਅਤੇ ਆਪਣੇ ਵਰਗਾ ਬਣਾਣ ਦੀ ਸਮਰਥਾ ਰਖਦਾ ਹੈ, ਜਿਵੇਂ ਗੁਰੂ ਨਾਨਕ ਤੋਂ ਗੁਰੂ ਅੰਗਦ ਜੀ ਬਣੇ ਤੇ ਅਗੋਂ ਇਹੋ ਜੋਤਿ ਅਗਾਂਹ ਤੁਰਦੀ ਗਈ।

*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥*
*ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥ ਅੰਗ - ੯੬੬*

# ਪਰਗਟ ਗੁਰਾਂ ਦੀ ਦੇਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*[ਭਾਈ ਕੌਰ ਸਿੰਘ ਜੀ]*

ਅਸੀਂ ਅਰਦਾਸ ਮਗਰੋਂ, ਦੋਹਰਾ ਪੜ੍ਹਦੇ ਹਾਂ, 'ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ, ਪਰ ਇੰਨ ਬਿੰਨ ਪਰਗਟ ਗੁਰਾਂ ਦੀ ਦੇਹ ਮੰਨਦੇ ਨਹੀਂ। ਜਿਲਦ, ਕਾਗਜ ਰੁਮਾਲੇ ਹੀ ਦੇਹ ਨਹੀਂ, ਬਾਣੀ ਦੀ ਲੜੀ, ਬਾਣੀ ਦੇ ਅੱਖਰ ਭੀ ਗੁਰੂ ਜੀ ਦੀ ਦੇਹ ਦੇ ਅੰਗ ਹਨ। ਗੁਰੂ ਜੀ ਦੀ ਦੇਹ ਦੇ ਕਿਸੇ ਭੀ ਅੰਗ ਨੂੰ ਭੰਗ ਕਰਨਾ, ਜੋੜਨਾ ਤੋੜਨਾ, ਗੁਰੂ ਜੀ ਦੀ ਭਾਰੀ ਬੇ ਅਦਬੀ ਕਰਨਾ ਹੈ। ਜਿਸ ਸਰੂਪ ਨੂੰ ਦਸਮੇਸ਼ ਪਿਤਾ ਨੇ ਗੁਰ ਗੱਦੀ ਸਉਂਪੀ, ਉਹ ਲੜੀ ਵਾਰ ਬਾਣੀ ਸਰੂਪ ਹੈ। ਬਾਣੀ ਦੀ ਲੜੀ ਨੂੰ ਤੋੜ ਕੇ, ਅਪਣੀ ਮਤਿ ਅਨੁਸਾਰ ਪਦ ਛੇਦ ਕਰਕੇ ਸਰੂਪ ਛਪੌਣਾ ਘੋਰ ਪਾਪ ਹੈ। ਗੁਰੂ ਜੀਆਂ ਦੀ ਕਾਇਮ ਕੀਤੀ ਪਰੰਪਰਾ ਬੰਧਾਨ ਨੂੰ ਅਲੋਪ ਕਰਨਾ ਹੈ। ਮੱਖਣ ਸ਼ਾਹ ਲੁਬਾਣੇ ਨੇ ਬਾਬਾ ਬਕਾਲਾ ਸਾਹਿਬ, ਸੱਚੇ ਗੁਰੂ ਦੀ ਪਰਖ ਕਰਕੇ ਢੰਢੋਰਾ ਫੇਰਿਆ ਸੀ, 'ਸਾਚੋ ਗੁਰੂ ਲਾਧੋ ਰੇ' ਪਰ ਇਸ ਸਮੇਂ ਦੀ ਸਥਿਤੀ, 'ਸਾਚੋ ਗੁਰੂ ਗਵਾਚੋ ਰੇ' ਵਾਲੀ ਹੋ ਰਹੀ ਹੈ। ਭਿੰਨ ਭਿੰਨ ਸਜਨਾਂ ਜਾਂ ਸੰਸਥਾਵਾਂ ਵਲੋਂ, ਪਦ ਛੇਦ ਸਰੂਪ ਛਪਾਏ ਭੀ ਜਾ ਰਹੇ ਹਨ ਤੇ ਪ੍ਰੋੜਤਾ ਵਿਚ ਪ੍ਰਚਾਰ ਭੀ ਕੀਤਾ ਜਾ ਰਹਿਆ ਹੈ। ਸੰਗਤਾਂ ਨੂੰ ਪੂਰੀ ਸਮਝ ਨਾ ਹੋਣ ਕਰਕੇ, ਪ੍ਰਚਾਰਕਾਂ ਦੇ ਗਲਤ ਪ੍ਰਚਾਰ ਦਾ ਪ੍ਰਭਾਵ ਪੈ ਜਾਂਦਾ ਹੈ, ਪਰਚਾਰ ਕੀਤਾ ਜਾਂਦਾ ਹੈ, ਪਰ ਛੇਦ ਸਰੂਪ ਤੋਂ ਪਾਠ ਕਰਨਾ ਸੌਖਾ ਹੈ, ਹਰ ਕੋਈ ਪਾਠ ਕਰ ਸਕਦਾ ਹੈ, ਬੱਚੇ ਭੀ ਕਰ ਸਕਦੇ ਹਨ। ਸੰਗਤਾਂ ਪ੍ਰਭਾਵਤ ਹੋ ਕੇ, ਜਿਨ੍ਹਾਂ ਪਾਸ ਲੜੀਵਾਰ ਸਰੂਪ ਹਨ, ਗੁਰਦੁਆਰਿਆਂ ਵਿਚ ਜਾਂ ਸੰਸਕਾਰ ਸੈਟਰਾਂ ਵਿਚ ਭੇਜ ਰਹੇ ਹਨ। ਓਹਨਾਂ ਦੀ ਥਾਂ ਪਦ ਛੇਦ ਸਰੂਪ ਲਿਜਾਏ ਜਾ ਰਹੇ ਹਨ। ਇਹ ਰੁਝਾਨ ਇਤਨਾ ਤੇਜੀ ਨਾਲ ਵੱਧ ਰਿਹਾ ਹੈ, ਕਿ ਥੋੜੇ ਸਮੇਂ ਵਿਚ ਹੀ ਗੁਰ ਗੱਦੀ ਦੇ ਮਾਲਕ,ਪਰਗਟ ਗੁਰਾਂ ਦੀ ਦੇਹ ਲੜੀਵਾਰ ਗੁਰੂ ਗ੍ਰੰਥ ਸਾਹਿਬ, ਅਲੋਪ ਹੋ ਜਾਣਗੇ। ਸੰਸਾਰ ਤੇ ਅੰਧਕਾਰ ਮਚ ਜਾਵੇਗਾ। ਸੌ ਚੰਦਾ ਹਜਾਰਾਂ ਸੂਰਜਾਂ ਦੇ ਹੁੰਦਿਆਂ, ਦੁਨੀਆਂ ਤੇ ਘੋਰ ਅੰਧੇਰਾ ਪੱਸਰ ਜਾਵੇਗਾ। ਤੱਤ ਗੁਰਮਤਿ ਵੇੱਤਾ ਬੁਧੀ ਜੀਵੀ ਵਿਚਾਰਵਾਣ ਧਿਆਨ ਦੇਣ, ਕੀ ਇਸ ਵਿਚ ਕੋਈ ਸ਼ਕ ਹੈ?

ਦਾਸ ਨੇ ਕੁਝ ਪਦ ਛੇਦ ਸਰੂਪਾਂ ਦੇ ਪਾਠ ਦਰਸ਼ਨ ਦਿਦਾਰ ਕਰਨ ਦਾ ਉਦਮ ਕੀਤਾ, ਇਕ ਸਰੂਪ ਦੇ ਪਾਠ ਦਾ ਦੂਜੇ ਸਰੂਪ ਦੇ ਪਾਠ ਨਾਲ ਮੇਲ ਨਹੀਂ ਖਾਂਦਾ। ਅਜਿਹੇ ਪਾਠ ਭੇਦ ਅੰਤਰੇ ਸੈਂਕੜੇ ਹੀ ਹਨ। ਇਥੋਂ ਇਕ ਦੋ ਸ਼ਬਦਾਂ ਦੀ ਉਦਾਹਰਣਾਂ ਦਿਤੀਆਂ ਜਾਂਦੀਆਂ ਹਨ। ਇਕ ਸਰੂਪ ਵਿਚ ਸਤਿਨਾਮ ਇੱਕਠਾ ਹੈ, ਦੂਜੇ ਵਿਚ ਅਡੋ ਅਡ ਛਪਿਆ ਹੈ। ਇਕ ਵਿਚ ਏਤੇ 'ਕੂਕਰ ਹਉ,' ਦੂਜੇ ਸਰੂਪ ਵਿਚ 'ਏਤੇ ਕੂਕ ਰਹਉ' ਅੰਕਤ ਹੈ।

ਸਪਸ਼ਟ ਹੈ ਦੋਨੋ ਪਾਠ ਤਾਂ ਸ਼ੁਧ ਹੋ ਹੀ ਨਹੀਂ ਸਕਦੇ। ਇਕ ਸ਼ੁਧ ਤੇ ਇਕ ਅਸ਼ੁੱਧ ਮੰਨਣਾ ਪਵੇਗਾ। ਜਿਸ ਸਰੂਪ ਵਿਚ ਅਸ਼ੁੱਧ ਛਪਿਆ ਹੈ, ਉਹ ਹਜਾਰਾਂ ਹੀ ਹੋ ਸਕਦੇ ਹਨ ਤੇ ਓਹਨਾਂ ਤੋਂ ਹਮੇਸ਼ਾ ਅਸ਼ੁੱਧ ਪਾਠ ਹੀ ਹੁੰਦੇ ਰਹਿਣਗੇ। ਕੀ ਜਾਣ ਬੁਝਕੇ ਅਸ਼ੁਧ ਕੀਤੇ ਪਾਠ ਵਿਚ ਕਲਾ ਵਰਤ ਸਕਦੀ ਹੈ। ਰਾਮ ਰਾਇ ਨੇ ਇਕ ਅੱਖਰ ਬਦਲਿਆ ਸੀ, ਇਕ ਅੱਖਰ ਬਦਲਨ ਨਾਲ ਹੀ, ਉਸਦੀ ਕਰਾਮਾਤ ਕਲਾ ਖੜੋ ਗਈ। ਫਿਰ ਉਸ ਵਿਚ ਕਲਾ ਨਹੀਂ ਵਰਤ ਸਕੀ, ਤੇ ਗੁਰੂ ਸਾਹਿਬ ਨੇ ਫਿਰ ਉਸ ਨੂੰ ਮੂੰਹ ਨਹੀਂ ਲਾਇਆ। ਅੱਖਰਾਂ ਦਾ ਨਿਖੇੜ, ਜੋੜ ਗਲਤ ਕਰਨਾ, ਅੱਖਰ ਬਦਲਣ ਨਾਲੋਂ ਘੱਟ ਬੇਅਦਬੀ ਨਹੀਂ।

ਸਪਸ਼ਟ ਸਿੱਧ ਹੁੰਦਾ ਹੈ, ਪਦ ਛੇਦ ਸਰੂਪ ਤੋਂ ਪਾਠ ਕਰਨ ਨਾਲ ਕਲਾ ਨਹੀਂ ਵਰਤ ਸਕਦੀ, ਇਸ ਸੰਦਰਭ ਵਿਚ ਸਬੂਤ ਦਲੀਲਾਂ ਕਈ ਹਨ, ਇਥੇ ਸੰਕੋਚਵੀ ਵਿਚਾਰ ਹੀ ਕੀਤੀ ਜਾ ਰਹੀ ਹੈ।

ਪਰ ਛੇਦ ਸਰੂਪ ਵਿਚ ਪਦ ਨਿਖੇੜ ਕੀਤਾ ਹੋਇਆ ਜੋ ਹੁੰਦਾ ਹੈ, ਜਿਸ ਕਰਕੇ ਪਾਠੀ ਨੂੰ ਸ਼ਬਦ ਨਿਖੇੜ ਕਰਨ ਵੱਲ ਧਿਆਨ ਜਾਂ ਸੁਰਤੀ ਨਹੀਂ ਲਗਾਉਣੀ ਪੈਂਦੀ, ਇਸ ਕਰਕੇ ਪਾਠੀ ਦੀ ਸੁਰਤੀ ਖਾਲੀ ਵੇਹਲੀ ਰਹਿਣ ਕਰਕੇ, ਏਧਰ ਓਧਰ ਘੁੰਮਦੀ ਰਹਿੰਦੀ ਹੈ, ਸੁਰਤੀ ਅਪਨਾ ਵਖਰਾ ਹੀ ਤਾਣਾ ਤਣ ਲੈਂਦੀ ਹੈ। ਇਕ ਮਨ ਇਕ ਚਿੱਤ ਨਹੀਂ ਹੁੰਦੀ, ਹੋ ਭੀ ਨਹੀਂ ਸਕਦੀ। ਸੁਰਤੀ ਇਕਾਗਰ ਨਾ ਹੋਣ ਕਰਕੇ ਦਸਵੇਂ ਦੁਆਰ ਵੱਲ ਧਾਵਨ ਲਈ ਅਪਨਾ ਰੁਖ ਨਹੀਂ ਪਕੜ ਸਕਦੀ। ਸਿੱਖ ਦਾ ਜੀਵਨ ਨਿਸ਼ਾਨਾ ਦਸਵੇਂ ਦੁਆਰ ਪੁਜਨਾ ਹੈ, ਅਥਵਾ ਜਨਮ ਮਰਨ ਕੱਟਣਾ ਹੈ, ਓਹ ਪੂਰਾ ਨਹੀਂ ਹੋ ਸਕਦਾ।

ਦਲੀਲਾਂ ਕਈ ਦਿੱਤੀਆਂ ਜਾ ਸਕਦੀਆਂ ਹਨ, ਪਰ ਸਿੱਖ ਨੇ ਦਲੀਲ ਨੂੰ ਆਧਾਰ ਨਹੀਂ ਬਣੌਣਾ, ਆਧਾਰ ਤਾਂ ਗੁਰੂ ਦਾ ਹੁਕਮ ਅਤੇ ਰਜਾ ਹੋਣਾ ਹੀ ਉਚਿੱਤ ਹੈ। ਭਾਈ ਲਹਿਣਾ ਜੀ ਜੇ ਕਰ ਦਲੀਲ ਵਿਚ ਪੈ ਜਾਂਦੇ, ਗੁਰੂ ਸਾਹਿਬ ਵਲੋਂ ਹੋਰ ਕਈ ਤਰਾਂ ਦੇ ਕੌਤਕਾਂ ਢਾਹੁਣੇ, ਜਾਂ ਮੁਰਦਾ ਖਵੌਨ ਦੇ ਮੰਤਵ ਦੇ ਸ਼ੰਕੇ ਵਿਚ ਪੈ ਜਾਂਦੇ, ਅਪਨੀ ਮਤਿ ਲਾ ਬੈਠਦੇ, ਸਗਲੀ ਮਨ ਮਤਿ ਦਾ ਤਿਆਗ ਨਾ ਕਰਦੇ, ਤਾਂ ਗੁਰ ਗੱਦੀ ਤੋਂ ਵਾਂਝੇ ਰਹਿ ਜਾਂਦੇ।

ਪੰਥ ਵਿਚ ਰਵਾਇਤ ਬਣੀ ਹੋਈ ਹੈ, ਅਸੀਂ ਸਮੇਂ ਸਿਰ ਮੌਕੇ ਤੇ ਨਹੀਂ ਜਾਗਦੇ। ਗੁਰੂ ਘਰ ਦੀ ਹੋ ਰਹੀ ਬੇ-ਅਦਬੀ ਨੂੰ ਰੋਕਣ ਲਈ ਤੱਤਪਰ ਨਹੀਂ ਹੁੰਦੇ, ਜਿਸ ਕਰਕੇ ਹੱਥਾਂ ਨਾਲ ਖੁੱਲਣ ਵਾਲੀਆਂ ਗੰਢਾਂ, ਸਮਾਂ ਬੀਤ ਜਾਣ ਕਰਕੇ, ਦੰਦਾਂ ਨਾਲ ਖੋਲਣੀਆਂ ਪੈਂਦੀਆਂ ਹਨ। ਇਸ ਸਮੇਂ ਅਸੀਂ ਪ੍ਰਚਾਰ ਦੁਆਰਾ ਪਦ ਛੇਦ ਸਰੂਪ ਛਪਣੇ ਬੰਦ ਕਰਾ ਸਕਦੇ ਹਾਂ। ਪਰ ਕੁਛ ਸਮੇਂ ਬਾਦ, ਜਦੋਂ ਲੜੀ ਵਾਰ ਸਰੂਪ ਅਲੋਪ ਹੋਣ ਲੱਗੇ, ਫੇਰ ਅਸੀਂ ਮਹਿਸੂਸ ਕਰਾਂਗੇ, ਪਿੱਛੇ ਕੀਤੀ ਅਣਗਹਿਲੀ ਤੇ ਪਛਚਾਤਾਵ ਭੀ ਹੋਵੇਗਾ ਤੇ ਅੱਗੇ ਵਾਸਤੇ ਤੱਤਪਰ ਭੀ ਹੋਵਾਂਗੇ।

ਆਖਰੀ ਬੇਨਤੀ ਹੈ ਕਿ ਸੰਗਤਾਂ, ਗੁਰਦੁਆਰਿਆਂ ਵਿਚ, ਘਰਾਂ ਵਿਚ, ਪਦ ਛੇਦ ਸਰੂਪ ਦੀ ਥਾਂ ਤੇ ਗੁਰ ਗੱਦੀ ਦੇ ਮਾਲਕ ਲੜੀ ਵਾਰ ਸਰੂਪ ਦਾ ਪ੍ਰਕਾਸ਼ ਕਰਨ, ਉਸ ਤੋਂ ਹੀ ਸਹਿਜ ਜਾਂ ਅਖੰਡ ਪਾਠ ਕਰਨ ਕਰਨ। ਭੁਲ ਚੁਕ ਲਿਖਿਆ ਖਿਮਾ ਕਰਨਾ ਜੀ।

***(ਪੰਨਾ 11 ਦੀ ਬਾਕੀ)***

ਨਹੀਂ। ਸਾਧ ਸੰਗਤ, ਹਰੀ ਦਾ ਪਾਵਨ ਸਰੋਵਰ ਹੈ, ਜਿਸ ਵਿਚ ਨਿਵਾਸ ਰੱਖਣ ਨਾਲ ਮਨੁੱਖ ਪਵਿੱਤਰ ਹੋ ਜਾਂਦਾ ਹੈ ਤੇ ਉਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਸ ਲਈ ਦੀਵਾ ਕਰਨਾ, ਪਿੰਡ ਭਰਾਉਣੇ, ਕਿਰਿਆ ਕਰਨੀ, ਫੁੱਲ ਪ੍ਰਵਾਹੁਣੇ ਆਦਿ ਰਸਮਾਂ ਫ਼ਜ਼ੂਲ ਹੁੰਦੀਆਂ ਹਨ। ਸੋ ਸਾਧ ਸੰਗਤ ਵਿਚ ਇਕਾਗਰ ਮਨ ਨਾਲ ਨਾਮ ਸਿਮਰਨ ਦੁਆਰਾ, ਕੀਰਤਨ ਦੁਆਰਾ, ਹਰੀ ਦੀ ਪਿਆਰ ਨਾਲ ਸਿਫਤ ਸਾਲਾਹ ਕਰਨੀ ਮਾਨੋ ਇਕ ਸੁੰਦਰ ਬਿਬਾਣ ਹੈ, ਜੋ ਗੁਰੂ ਦੇ ਮਨ ਨੂੰ ਭਾਉਂਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਰਬੱਤ ਸੰਗਤ ਪ੍ਰਤੀ ਬਚਨ ਕੀਤਾ ਕਿ ਉਹਨਾਂ ਦੀ ਥਾਵੇਂ ਹੁਣ ਸ੍ਰੀ ਰਾਮਦਾਸ (ਭਾਈ ਜੇਠਾ) ਜੀ ਸੰਗਤਾਂ ਦੀ ਅਗਵਾਈ ਕਰਨਗੇ ਤੇ ਪਾਰਬ੍ਰਹਮ ਦਾ ਪੰਥ ਅੱਗੇ ਤੋਰਨ ਦੀ ਧੁਰੋਂ ਸੌਂਪੀ ਜ਼ਿੰਮੇਵਾਰੀ ਨਿਭਾਉਣਗੇ। ਆਪਣੀ ਮੌਜੂਦਗੀ ਵਿਚ ਸ੍ਰੀ ਰਾਮਦਾਸ ਜੀ ਨੂੰ ਗੁਰ-ਗੱਦੀ ਤੇ ਬਿਰਾਜਮਾਨ ਕੀਤਾ ਤੇ ਆਪ ਉਹਨਾਂ ਦੀ ਪਰਕਰਮਾ ਕਰ ਕੇ ਮੱਥਾ ਟੇਕਿਆ। ਇਸ ਤੋਂ ਮਗਰੋਂ ਸਾਰੀ ਸੰਗਤ ਨੇ ਉੱਠ ਕੇ ਸ੍ਰੀ ਗੁਰੂ ਰਾਮਦਾਸ ਜੀ ਅਗੇ ਮੱਥਾ ਟੇਕਿਆ।

***ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥***
***ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥***
***ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥***
***ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥੬॥੧॥ ਅੰਗ - ੯੨੩-੨੪***

'ਸਦ' ਵਿਚੋਂ ਗੁਰੂ-ਸਪੁੱਤਰ ਬਾਬਾ ਮੋਹਰੀ ਜੀ ਦੇ ਪਿਤਾ-ਗੁਰੂ ਦੇ ਹੁਕਮ ਦੀ ਪਾਲਣਾ ਕਰਨ ਦਾ ਪ੍ਰਮਾਣ ਮਿਲਦਾ ਹੈ –

***ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥ ਅੰਗ - ੯੨੪***

ਨਿਰਬਾਨ ਕੀਰਤਨ ਅਰੰਭ ਹੋ ਗਿਆ। ਇਸ ਤਰ੍ਹਾਂ ਸਿਫਤ ਸਲਾਹ ਰੂਪੀ ਰੱਬੀ-ਰੰਗ ਦਾ ਬਿਬਾਣ ਤਿਆਰ ਹੋ ਗਿਆ। ਸਤਿਗੁਰੂ ਜੀ ਨੇ ਚਿੱਟੀ ਚਾਦਰ ਓਢ ਲਈ ਤੇ ਸ਼ਬਦ ਸਮਾਧੀ ਵਿਚ ਲੀਨ ਹੋ ਗਏ –

***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥੪॥੨॥***
***ਅੰਗ - ੯੪੬***

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲਿਆ ਗਿਆ ਪਹਿਲਾ ਹੁਕਮਨਾਮਾ

ਗੁਰੂ ਅਰਜਨ ਦੇਵ ਜੀ ਨੇ ਸਿਖ ਕੌਮ ਨੂੰ ਸੰਗਠਤ ਕਰਨ ਵਿਚ ਬਹੁਤ ਉਦਮ ਕੀਤੇ। ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਵਿਚ ਹਰੀ ਮੰਦਰ ਉਸਰਵਾਇਆ ਜਿਸ ਦੇ ਚਾਰ ਦਰਵਾਜ਼ੇ ਰੱਖ ਕੇ ਇਸ ਨੂੰ ਸਭ ਧਰਮਾਂ ਦਾ ਸਾਂਝਾ ਤੀਰਥ ਬਣਾ ਦਿਤਾ। ਇਸ ਦੀ ਨੀਂਹ ਇਕ ਮੁਸਲਮਾਨ ਸੂਫੀ ਦਰਵੇਸ਼ ਮੀਆਂ ਮੀਰ ਜੀ ਪਾਸੋਂ ਰਖਵਾ ਕੇ ਉਸ ਸਮੇਂ ਕਟੜਪੁਣੇ ਵਿਚ ਜਲ ਰਹੀ ਲੋਕਾਈ ਨੂੰ ਉਦਾਰਚਿਤਤਾ ਤੇ ਫਰਾਖਦਿਲੀ ਦਾ ਸ਼ਬਦ ਪੜ੍ਹਾਇਆ। ਗੁਰੂ ਗ੍ਰੰਥ ਸਾਹਿਬ ਵਿਚ ਹਰ ਮਜ਼ਹਬ, ਕੌਮ ਤੇ ਇਲਾਕੇ ਦੇ ਮਹਾਂਪੁਰਸ਼ਾਂ ਦੀ ਬਾਣੀ ਇੱਕਠੀ ਕਰਨ ਉਪਰੰਤ ਉਸ ਦੀ ਸੰਪਾਦਨਾ ਕਰ ਕੇ ਆਦਿ ਗ੍ਰੰਥ ਦੀ ਸਿਰਜਨਾ ਕੀਤੀ। 'ਪੋਥੀ ਪਰਮੇਸ਼ਰ ਕਾ ਥਾਨ' ਨਾਮੀ ਇਹ ਪਵਿਤਰ ਆਦਿ ਗ੍ਰੰਥ ੧੫ ਅਗਸਤ ੧੬੦੪ ਨੂੰ ਸੰਪੂਰਨ ਹੋਇਆ। ਭਾਈ ਬੰਨੋ ਜੀ ਨੇ ਲਾਹੌਰ ਜਾ ਕੇ ਇਸ ਦੀ ਜਿਲਦ ਬੰਦੀ ਕਰਵਾਈ ਅਤੇ ਇਕ ਸ਼ਾਨਦਾਰ ਨਗਰ ਕੀਰਤਨ ਦੀ ਸ਼ਕਲ ਵਿਚ ਇਹ ਆਦਿ ਗ੍ਰੰਥ ਸਾਹਿਬ ਰਾਮਸਰ ਤੋਂ ਹਰੀਮੰਦਰ ਸਾਹਿਬ ਵਿਚ ਪਰਵੇਸ਼ ਹੋਏ ਅਤੇ ੩੦ ਅਗਸਤ ੧੬੦੪ ਈ: ਨੂੰ ਇਸ ਅਲਾਹੀ ਗ੍ਰੰਥ ਦਾ ਪਹਿਲੀ ਵਾਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਕਾਸ਼ ਹੋਇਆ। ਭਾਈ ਬੁਢਾ ਜੀ ਨੇ ਪਹਿਲਾ ਹੁਕਮਨਾਮਾ ਲਿਆ। ਉਸ ਸਮੇਂ ਜੋ ਫਰਮਾਨ ਨਿਕਲਿਆ ਉਹ ਇਸ ਪਰਕਾਰ ਹੈ-

*ਸੂਹੀ ਮਹਲਾ ੫*
*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ*
*ਧਰਤਿ ਸੁਹਾਵੀ ਤਾਲੁ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ*
*ਸਗਲ ਮਨੋਰਥ ਪੂਰੇ*
*ਜੈ ਜੈ ਕਾਰੁ ਭਇਆ ਜਗ ਅੰਤਰਿ*
*ਲਾਥੇ ਸਗਲ ਵਿਸੂਰੇ*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸੁ ਵੇਦ ਪੁਰਾਣੀ ਗਾਇਆ*
*ਅਪਨਾ ਬਿਰਦੁ ਰਖਿਆ ਪਰਮੇਸਰਿ*
*ਨਾਨਕ ਨਾਮੁ ਧਿਆਇਆ॥ ਅੰਗ - ੭੮੩*

ਆਦਿ ਗ੍ਰੰਥ ਸਾਹਿਬ ਦੇ ਇਸ ਪਹਿਲੇ ਹੁਕਮਨਾਮੇ ਦਾ ਇਤਨਾ ਨੇੜੇ ਦਾ ਸੁਮੇਲ ਉਸ 'ਪਵਿਤਰ ਸਰੋਵਰ' ਹਰੀ ਮੰਦਰ ਤੇ 'ਸੰਤਾ ਦੇ ਕਾਰਜ' ਨਾਲ ਦੇਖ ਕੇ ਸੰਗਤਾਂ ਵਿਸਮਾਦ ਵਿਚ ਆ ਗਈਆਂ ਤੇ ਸਭ ਨੇ ਇਵੇਂ ਮਹਿਸੂਸ ਕੀਤਾ ਕਿ ਸਭ ਕੁਝ ਵਾਹਿਗੁਰੂ ਆਪ ਹੀ ਕਰ ਕਰਵਾ ਰਹੇ ਹਨ। ਇਵੇਂ ਆਦਿ ਗ੍ਰੰਥ ਸਾਹਿਬ ਦੇ ਹਰੀ ਮੰਦਰ ਸਾਹਿਬ ਵਿਚ ਇਸ ਸਤਿਕਾਰੀ ਭਾਵਨਾ ਸਹਿਤ ਬਿਰਾਜਮਾਨ ਹੋ ਜਾਣ ਨਾਲ ਵਿਸ਼ਵ ਤੇ ਅਧਿਆਤਮਕ ਇਤਿਹਾਸ ਵਿਚ ਇਕ ਅਹਿਮ ਘਟਨਾ ਵਾਪਰੀ। ਹਰ ਰੋਜ਼ ਰਾਤ ਨੂੰ ਜਦ ਆਦਿ ਗ੍ਰੰਥ ਸਾਹਿਬ ਦਾ ਸੁਖਆਸਨ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਸੁਖ ਆਸਨ ਵਾਲੇ ਪਲੰਘ ਦੇ ਨਾਲ ਥਲੇ ਜ਼ਮੀਨ ਤੇ ਹੀ ਲੇਟ ਜਾਂਦੇ ਤੇ ਇਸ ਤਰ੍ਹਾਂ ਅਕਾਲ ਪੁਰਖ ਦੇ ਰੂਪ ਹੋਣ ਦੇ ਬਾਵਜੂਦ ਵੀ ਉਹ ਆਦਿ ਗ੍ਰੰਥ ਸਾਹਿਬ ਦਾ ਬੇਹਦ ਸਤਿਕਾਰ ਕਰਦੇ। ਉਹ ਜਾਣੀ ਜਾਣ ਸਨ ਤੇ ਜਾਣਦੇ ਸਨ ਕਿ ਕੁਝ ਸਮਾਂ ਪਾ ਕੇ ਇਹੀ ਪਰਮੇਸਰ ਰੂਪ ਪੋਥੀ ਮਾਨਵਤਾ ਦੇ ਜੁਗੋ ਜੁਗ ਅਟੱਲ ਗੁਰੂ ਬਣ ਕੇ ਉਸ ਦਾ ਪਥ ਪਰਦਰਸ਼ਨ ਕਰਿਆ ਕਰਨਗੇ। ਇਸ ਲਈ ਉਨ੍ਹਾਂ ਨੇ ਆਪਣੇ ਹਿਰਦੇ ਦੀਆਂ ਡੂੰਘਾਈਆਂ ਤੋਂ ਇਸ ਹੋਣ ਵਾਲੇ ਸ਼ਬਦ ਗੁਰੂ ਦਾ ਅਦਬ ਸਤਿਕਾਰ ਆਪ ਕੀਤਾ ਤੇ ਸੰਗਤਾਂ ਤੋਂ ਕਰਵਾਇਆ। ਇਸ ਪਰਥਮ ਪ੍ਰਕਾਸ਼ ਦਿਵਸ ਨੂੰ ਸਿਖ ਜਗਤ ਨਸ਼ੀਨੀ ਦਿਵਸ ਵਜੋਂ ਬੜੇ ਚਾਵਾਂ ਤੇ ਮਲਹਾਰਾਂ ਨਾਲ ਮਨਾਉਂਦਾ ਹੈ।

# ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਅੱਜ ਦਾ ਵਾਤਾਵਰਣ

*[ਭਾਈ ਮਨਮੋਹਣ ਸਿੰਘ ਜੀ ਬੱਲ]*

ਸਚਖੰਡ ਪਿਆਨੇ ਤੋਂ ਤਿੰਨ ਦਿਨ ਪਹਿਲਾਂ ੫ ਅਕਤੂਬਰ ੧੭੦੮ ਈ: ਵਾਲੇ ਦਿਨ ਸਾਰੀ ਸਿੱਖ ਸੰਗਤ ਨੂੰ ਇਕੱਠਾ ਕਰ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਗੱਦੀ ਬਖਸ਼ ਕੇ ਪੂਰਨ ਗੁਰੂ ਦੀ ਪਦਵੀ ਦਿੱਤੀ, ਕਿਉਂਕਿ ਆਉਣ ਸਮੇਂ ਦਾ ਉਨ੍ਹਾਂ ਨੂੰ ਪਤਾ ਸੀ ਕਿ –

*ਘਰਿ ਘਰਿ ਹੋਇ ਬਹੇਂਗੇ ਰਾਮਾ॥*
*ਤਿਨ ਤੇ ਸਰੇ ਨਾ ਕੋਊ ਕਾਮਾ॥*

ਆਪਣਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੁਕਾਇਆ।

*ਪੈਸੇ ਪਾਂਚ ਨਾਲੇਰ ਤਿਸੁ ਅਗਰ ਟਿਕਾਯੋ॥*
*ਕਰ ਪ੍ਰਕਰਮਾ ਗੁਰੂ ਜੀ ਨਿਜ ਮਾਥ ਝੁਕਾਯੋ॥*
*ਗੁਰੂ ਗ੍ਰੰਥ ਕੋ ਗੁਰੂ ਥਾਪਿਯੋ ਕੁਣਕਾ ਬਟਵਾਯੋ॥*

ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸਮ ਪਿਤਾ ਤੱਕ ਇਕੋ ਹੀ ਜੋਤਿ ਸੀ। ਉਹ ਜੋਤਿ ਫਿਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਵੇਸ਼ ਕਰ ਕੇ ਸਿੱਖ ਪੰਥ ਦੀ ਰਹਿਨੁਮਾਈ ਕਰਨ ਲਗ ਪਈ। ਨੌਂ ਪਾਤਿਸ਼ਾਹੀਆਂ ਤਕ ਚਰਨ ਪਹੁਲ ਦੀ ਰੀਤੀ ਰਹੀ ਸੀ। ਦੇਹਧਾਰੀ ਗੁਰੂ ਦੀ ਪਰੰਪਰਾ ਬੰਦ ਹੋ ਜਾਣ ਕਰਕੇ ਦਸਮ ਪਿਤਾ ਜੀ ਨੇ, ਸਿੱਖੀ ਵਿਚ ਸ਼ਾਮਲ ਹੋਣ ਲਈ ਚਰਨ ਪਾਹੁਲ ਦੀ ਥਾਂ ਖੰਡੇ ਦੇ ਅੰਮ੍ਰਿਤ ਦੀ ਰੀਤੀ ਚਲਾਈ ਤੇ ਹੁਕਮ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੰਜਾ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰ-ਦੀਖਿਆ ਪ੍ਰਾਪਤ ਕਰੋ ਅਤੇ ਰਹਿਤ ਵਿਚ ਪ੍ਰਪੱਕ ਹੋ ਕੇ ਇਕ ਅਕਾਲੀ ਸ਼ਬਦ ਦੀ ਪੂਜਾ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਆਦੇਸ਼ ਨੂੰ ਕਮਾਉਣਾ ਹੈ। ਦਸਮ ਪਾਤਸ਼ਾਹ ਜੀ ਫੁਰਮਾਣ ਕਰਦੇ ਹਨ –

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੇ ਬਿਪਰਨ ਕੀ ਰੀਤ*
*ਮੈਂ ਨਾ ਕਰੋਂ ਇਨ ਕੀ ਪਰਤੀਤਿ॥*

ਸਪੱਸ਼ਟ ਹੈ ਕਿ ਗੁਰੂ ਸਾਹਿਬ ਤਦ ਹੀ ਖੁਸ਼ ਹਨ ਜੇਕਰ ਖਾਲਸਾ ਬਾਕੀ ਜਗ ਤੋਂ ਨਿਆਰਾ ਰਹੇ। ਇਸ ਦੇ ਉਲਟ ਜੇਕਰ ਅੰਮ੍ਰਿਤ ਛਕ ਕੇ ਵੀ ਮੜ੍ਹੀਆਂ ਮਸਾਣਾਂ ਦੀ ਪੂਜਾ ਕਰਦਾ ਰਿਹਾ, ਧਾਗੇ ਤਵੀਤਾਂ, ਜੰਤਰਾਂ ਮੰਤਰਾਂ ਉਤੇ ਵਿਸ਼ਵਾਸ ਰੱਖਦਾ ਰਿਹਾ, ਦੇਹਧਾਰੀ ਕਚੇ ਪਿੱਲਿਆਂ ਤੇ ਆਪੋਂ ਬਣ ਬੈਠੇ ਗੁਰੂਆਂ ਮਗਰ ਭਜਦਾ ਫਿਰਿਆ, ਆਨ ਮੌੜੀ ਕੁਰੀਤੀਆਂ ਵਿਚ ਉਲਝਿਆ ਰਿਹਾ ਤਾਂ ਉਸ ਦਾ ਰਸਮੀ ਤੌਰ ਤੇ ਅੰਮ੍ਰਿਤ ਛਕਿਆ ਕਿਸੇ ਲੇਖੇ ਨਹੀਂ। ਅਜਿਹੇ ਪ੍ਰਾਣੀਆਂ ਦੀ ਕਲਗੀਧਰ ਪਾਤਸ਼ਾਹ ਦੇ ਫੁਰਮਾਨ ਅਨੁਸਾਰ ਕੋਈ ਕੀਮਤ ਨਹੀਂ ਪੈਣੀ।

*ਸਰਬ ਕੀ ਰੇਨ ਜਾ ਕਾ ਮਨੁ ਹੋਇ॥*
*ਕਹੁ ਨਾਨਕ ਤਾ ਕੀ ਨਿਰਮਲ ਸੋਇ॥*

ਜਿਹੜਾ ਮਨੁੱਖ ਆਪਣੇ ਆਪ ਨੂੰ ਸਭਨਾਂ ਦੀ ਧੂੜੀ ਸਮਝਦਾ ਹੈ, ਉਹ ਹੀ ਨਿਰੰਕਾਰ ਵਾਹਿਗੁਰੂ ਦੀ ਦਰਗਾਹ ਵਿਚ ਮਨਜ਼ੂਰ ਹੁੰਦਾ ਹੈ ਅਤੇ ਸਾਰਿਆਂ ਲੋਕਾਂ ਵਿਚ ਉਸ ਦੀ ਸੋਭਾ ਹੁੰਦੀ ਹੈ। ਸਭ ਉਸ ਦਾ ਦਿਲੋਂ ਮਾਣ ਕਰਦੇ ਹਨ। ਪਰ ਜੋ ਲੋਕ ਅੰਮ੍ਰਿਤ ਛਕ ਕੇ ਪੰਥ ਦੇ ਮੁਖੀ ਨੇਤਾ ਅਖਵਾ ਕੇ ਆਪਣੇ ਸਵਾਰਥ ਵਾਸਤੇ ਸਿੱਖ ਪੰਥ ਦੇ ਦੋਖੀਆਂ ਅੱਗੇ ਵੀ ਝੋਲੀ ਅੱਡੀ ਫਿਰਦੇ ਹਨ ਕਿ ਤੁਹਾਡੀ ਖ਼ੈਰ ਪਾਉਣ ਨਾਲ ਮੇਰੀ ਪੰਥ ਵਿਚ ਸ਼ਾਨ ਬਣਦੀ ਹੈ, ਇਹੋ ਜਿਹੇ ਲੋਕਾਂ ਨੂੰ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਕਦੇ ਵੀ ਮੁਆਫ ਨਹੀਂ ਕਰਨਗੇ। ਉਨ੍ਹਾਂ ਨੇ ਆਪਣਾ ਸਾਰਾ ਸਰਬੰਸ ਧਰਮ ਦੇ ਉਤੋਂ ਕੁਰਬਾਨ ਕਰ ਦਿੱਤਾ, ਪਰ ਧਰਮ ਦੇ ਦੋਖੀਆਂ ਦੀ ਕਦੇ ਵੀ ਈਨ ਨਹੀਂ ਮੰਨੀ। ਪਰ ਅੱਜ ਸਾਨੂੰ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਪੰਥ

*(ਬਾਕੀ ਪੰਨਾ 29 'ਤੇ)*

# ਧੁਰ ਕੀ ਬਾਣੀ ਆਈ

*[ਬੀਬੀ ਅਜੀਤ ਕੌਰ ਜੀ]*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਈ ਬਾਣੀ ਇਲਾਹੀ ਬਾਣੀ ਹੈ, ਧੁਰ ਕੀ ਬਾਣੀ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਨਿਰੰਕਾਰ ਵਲੋਂ ਹੁਕਮ ਹੁੰਦਾ ਤਾਂ ਉਹ ਮਰਦਾਨੇ ਨੂੰ ਕਹਿੰਦੇ - ਮਰਦਾਨਿਆਂ ਛੇੜ ਰਬਾਬ ਬਾਣੀ ਆਈ ਹੈ।

*ਆਪ ਜੀ ਨੇ ਇਸ ਬਾਰੇ ਕਿਹਾ ਹੈ -*
*ਜੈਸੀ ਮੈਂ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ।* *ਅੰਗ - ੭੨੨*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਓ॥* *ਅੰਗ - ੭੬੩*

*ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ।*
*ਅੰਗ - ੫੬੬*

ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ -

*ਸਬਦੈ ਉਪਜੈ ਅੰਮ੍ਰਿਤ ਬਾਣੀ*
*ਗੁਰਮੁਖਿ ਆਖਿ ਸੁਣਾਵਣਿਆ॥* *ਅੰਗ - ੨੫*

ਗੁਰੂ ਰਾਮਦਾਸ ਜੀ ਦਾ ਕਥਨ ਹੈ -

*ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨ।*
*ਅੰਗ - ੭੩੪*

ਪੰਜਵੇਂ ਗੁਰ ਅਰਜਨ ਦੇਵ ਜੀ ਫੁਰਮਾਉਂਦੇ ਹਨ -

*ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥*
*ਅੰਗ - ੬੨੮*

*ਨਾਨਕ ਬੋਲੈ ਤਿਸ ਕਾ ਬੋਲਾਇਆ।* *ਅੰਗ - ੧੨੭੧*

ਗੁਰੂ ਤੇਗ਼ ਬਹਾਦਰ ਜੀ ਦਾ ਮੁਖਵਾਕ ਹੈ -

*ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ।*
*ਅੰਗ - ੭੨੭*

ਸਤਿਗੁਰਾਂ ਦਾ ਸਾਨੂੰ ਇਹ ਉਪਦੇਸ਼ ਹੈ ਕਿ -

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ*
*ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।*
*ਅੰਗ - ੩੦੮*

ਗੁਰਬਾਣੀ ਦੇ ਉਪਰੋਕਤ ਵਾਕਅੰਸ਼ਾਂ 'ਤੇ ਸਾਫ਼ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਗੁਰ ਕੀ ਬਾਣੀ ਹੈ ਤੇ ਇਸ ਵਿੱਚ ਕਿਸੇ ਪ੍ਰਕਾਰ ਦੀ ਕੋਈ ਮਿਲਾਵਟ ਨਹੀਂ ਹੈ ਤੇ ਇਹ ਸੱਚਾ-ਗ੍ਰੰਥ ਗੁਰੂ ਗ੍ਰੰਥ ਸਾਹਿਬ ਹੈ। ਦਰਅਸਲ ਰੱਬ ਨੂੰ ਜਾਣ ਲੈਣਾ ਏਨਾ ਸੌਖਾ ਨਹੀਂ ਜਿੰਨਾ ਔਖਾ ਉਸ ਬਾਰੇ ਦੱਸਣਾ ਤੇ ਸੁਣਾਵਨਾ ਹੈ। ਇਸੇ ਲਈ ਜਿੰਨ੍ਹਾਂ ਨੇ ਉਸ ਬਾਰੇ ਕੁਝ ਜਾਣ ਲਿਆ ਉਹ ਤਾਂ ਚੁੱਪ ਹੋ ਗਏ ਜਾਂ ਆਪਣੇ ਨਿਕਟਵਰਤੀਆਂ ਨੂੰ ਕੁਝ ਇਸ਼ਾਰੇ ਦੇ ਕੇ ਚਲੇ ਗਏ। ਕਿਸੇ ਨੇ ਵੀ ਧਰਮ-ਗ੍ਰੰਥ ਆਪ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ। ਰੱਬ ਦਾ ਅਨੁਭਵ ਉਦੋਂ ਹੁੰਦਾ ਹੈ ਜਦੋਂ ਕੋਈ ਸਰੀਰ ਤੋਂ ਪਾਰ, ਸਵਾਸਾਂ ਤੋਂ ਪਾਰ, ਬੁੱਧੀ ਤੋਂ ਪਰੇ, ਵਿਚਾਰ ਤੋਂ ਪਰੇ ਤੇ ਮਨ ਤੋਂ ਪਰੇ ਦੀ ਅਵਸਥਾ ਤੱਕ ਪਹੁੰਚ ਜਾਂਦਾ ਹੈ। ਉਸ ਨੂੰ ਬ੍ਰਹਮ-ਗਿਆਨ, ਅਨਹਦ-ਨਾਦ ਤੇ ਪਰਮ-ਅਨੰਦ ਉਦੋਂ ਹੁੰਦਾ ਹੈ ਜਦੋਂ ਮਨ ਤੇ ਇੰਦਰੀਆਂ ਹਾਜ਼ਰ ਨਹੀਂ ਹੁੰਦੀਆ ਪਰ ਜਦੋਂ ਕੁਝ ਲੋਕਾਂ ਨੂੰ ਦੱਸਣਾ ਪੈਂਦਾ ਹੈ ਤਾਂ ਬੁੱਧੀ, ਮਨ ਤੇ ਇੰਦਰੀਆਂ ਨੂੰ ਹਾਜ਼ਰ ਹੋਣਾ ਪੈਂਦਾ ਹੈ। ਵਾਹਿਗੁਰੂ ਨੂੰ ਅਗਮ-ਅਗੋਚਰ ਕਿਹਾ ਗਿਆ ਹੈ ਤੇ ਉਸਦਾ ਗਿਆਨ ਇੰਦਰੀਆਂ ਤੋਂ ਪਰੇ ਦਾ ਹੈ ਪਰ ਦੱਸਣਾ ਇੰਦਰੀਆਂ ਰਾਹੀਂ ਹੀ ਹੁੰਦਾ ਹੈ।

ਭਾਰਤੀ ਧਰਮ-ਗ੍ਰੰਥਾਂ ਨੂੰ ਬਹੁਤੀ-ਸਿਮਰਤੀ ਕਹਿੰਦੇ ਹਨ। ਬਹੁਤੀ ਤੋਂ ਭਾਵ ਹੈ ਸੁਣਕੇ ਤੇ ਸਿਮਰਤੀ ਤੋਂ ਭਾਵ ਹੈ ਯਾਦ ਕਰਕੇ। ਇਹਨਾਂ ਗ੍ਰੰਥਾਂ ਦੀ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਪਰੇ ਦੀ ਸੀ ਇਸ ਲਈ ਜੋ ਥੋੜੀ ਬਹੁਤੀ ਸਮਝ ਰਖਦੇ ਸਨ ਉਹਨਾ ਨੇ ਆਪਣੀ ਰੋਜ਼ੀ-ਰੋਟੀ ਤੋਰਨ ਲਈ ਇਸ ਦੀ ਵਰਤੋਂ ਕੀਤੀ।

ਭਾਰਤ ਵਿੱਚ ਹਿੰਦੂ ਮੱਤ ਤੋਂ ਇਲਾਵਾ ਹੋਰ ਵੀ ਕਈ

ਮੱਤ ਪ੍ਰਚਲਤ ਹੋਏ। ਜਿਵੇਂ ਜੈਨ-ਮੱਤ ਤੇ ਬੁੱਧ-ਮੱਤ। ਪਰ ਇਹਨਾਂ ਮੱਤਾਂ ਦੇ ਮੋਢੀਆਂ ਨੇ ਆਪ ਹੱਥੀਂ ਕੋਈ ਗ੍ਰੰਥ ਨਹੀਂ ਸਿਰਜਿਆ। ਇਹਨਾਂ ਧਰਮਾਂ ਦੇ ਗ੍ਰੰਥ ਬਹੁਤ ਸਮਾਂ ਬਾਅਦ ਇਹਨਾਂ ਦੇ ਪੈਰੋਕਾਰਾਂ ਦੁਆਰਾ ਰਚੇ ਗਏ। ਇਸੇ ਤਰ੍ਹਾਂ ਇਸਾਈ ਧਰਮ ਦਾ ਗ੍ਰੰਥ ਬਾਈਬਲ ਯਹੂਦੀਆਂ ਤੇ ਇਸਾਈਆਂ ਦਾ ਸਾਂਝਾ ਗ੍ਰੰਥ ਹੈ ਜੋ ੬੬ ਪੋਥੀਆਂ ਦਾ ਸੰਗ੍ਰਹਿ ਹੈ ਜੋ ੧੬੦੦ ਸਾਲ ਤੇ ਲੰਬੇ ਅਰਸੇ ਵਿੱਚ ਲਿਖਿਆ ਗਿਆ।

ਈਸਾਂ ਤੋਂ ੬੦੦ ਸਾਲ ਬਾਅਦ ਇਸਲਾਮ ਧਰਮ ਹੋਂਦ ਵਿੱਚ ਆਇਆ। ਹਜ਼ਰਤ ਮੁਹੰਮਦ ਨੇ ਆਪ ਕੋਈ ਗ੍ਰੰਥ ਨਹੀਂ ਲਿਖਿਆ। ਉਸ ਦੇ ਮੂੰਹੋਂ ਵੱਖ-ਵੱਖ ਸਥਾਨ ਤੇ ਕਹੀਆਂ ਗਈਆਂ ਆਇਤਾਂ ਨੂੰ ਬਾਅਦ ਵਿੱਚ ਇਕੱਠੀਆਂ ਕਰਕੇ ਕੁਰਾਨ ਦਾ ਨਾਮ ਦਿੱਤਾ ਗਿਆ।

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਦੁਨੀਆਂ ਦੇ ਜਿੰਨੇ ਵੀ ਧਰਮ-ਗ੍ਰੰਥ ਹੋਏ ਹਨ ਉਹ ਜਾਣਨ ਵਾਲਿਆਂ ਨੇ ਨਹੀਂ ਲਿਖੇ ਸਗੋਂ ਲਿਖਣ ਦਾ ਕੰਮ ਬਹੁਤ ਸਮਾਂ ਬਾਅਦ ਵਿੱਚ ਹੋਇਆ। ਇਹ ਕੰਮ ਪੁੱਛ-ਪੁੱਛ ਕੇ ਸੁਣ-ਸੁਣ ਕੇ ਤੇ ਸੋਧ-ਸੋਧ ਕੇ ਕੀਤਾ ਗਿਆ। ਮਨੁੱਖ ਦੀ ਕਮਜ਼ੋਰ ਯਾਦ-ਦਾਸਤ, ਪੂਰੀ ਗੱਲ ਨਾ ਸੁਣਨ ਦੀ ਵਾਦੀ ਤੇ ਆਪਣੇ ਕੋਲੋਂ ਕੁਝ ਵਾਧਾ-ਘਾਟਾ ਕਰਨ ਦੀ ਆਦਤ ਦਾ ਸਿੱਟਾ ਹੈ ਕਿ ਧਰਮ-ਗ੍ਰੰਥ ਵਿੱਚ ਉਹ ਕੁਝ ਨਹੀਂ ਜੋ ਕੁਝ ਕਿਹਾ ਗਿਆ ਹੈ ਤੇ ਜੋ ਹੈ ਉਹ ਕਿਹਾ ਨਹੀਂ ਗਿਆ।

ਗੁਰੂ ਨਾਨਕ ਦੇਵ ਜੀ ਨੇ ਇਹਨਾਂ ਸਭ ਧਰਮਾਂ ਦਾ ਅਧਿਅਨ ਕੀਤਾ ਤੇ ਇਹਨਾ ਦੇ ਮੰਨਣ ਵਾਲਿਆਂ ਦੀ ਅਗਿਆਨਤਾ ਤੇ ਫੁੱਟ ਵੀ ਗੁਰੂ ਜੀ ਦੇ ਸਾਮ੍ਹਣੇ ਸੀ। ਗੁਰੂ ਜੀ ਨੇ ਆਪਣੀ ਬਾਣੀ ਲਿਖਣ ਦਾ ਨਿਰਣੇ ਲਿਆ। ਇਹ ਕੰਮ ਉਹਨਾਂ ਨੇ ਸੁਣਨ ਵਾਲਿਆਂ ਤੇ ਨਹੀਂ ਛੱਡਿਆ। ਇਸ ਮਨੋਰਥ ਦੀ ਪੂਰਤੀ ਲਈ ਆਪ ਬਾਣੀ ਲਿਖਕੇ ਪੋਥੀ ਦੇ ਰੂਪ ਵਿੱਚ ਸੰਭਾਲਦੇ ਗਏ। ਇਸੇ ਤਰ੍ਹਾਂ ਬਾਕੀ ਗੁਰੂਆਂ ਨੇ ਵੀ ਪੋਥੀਆਂ ਵਿੱਚ ਆਪਣੀ ਬਾਣੀ ਸੰਭਾਲੀ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਇਹਨਾ ਪੋਥੀਆਂ ਦਾ ਸੰਗ੍ਰਹਿ ਕਾਫ਼ੀ ਹੋ ਚੁੱਕਾ ਸੀ ਤੇ ਇਹਨਾਂ ਨੂੰ ਤਰਤੀਬ ਦੇਣ ਦੀ ਲੋੜ ਸੀ। ਵੱਖ-ਵੱਖ ਪੋਥੀਆਂ ਨੂੰ ਸੰਭਾਲਣਾ ਔਖਾ ਸੀ ਤੇ ਇਸ ਵਿੱਚ ਮਿਲਾਵਟ ਹੋਣ ਦਾ ਵੀ ਡਰ ਸੀ। ਗੁਰੂ ਅਰਜਨ ਦੇਵ ਦੇ ਸਮੇਂ ਤੱਕ ਗੁਰੂ ਨਾਨਕ ਦੇਵ ਜੀ ਦੇ ਨਾਂ ਥੱਲੇ ਕਈਆਂ ਨੇ ਕੱਚੀ ਬਾਣੀ ਲਿਖਣੀ ਅਰੰਭ ਕਰ ਦਿੱਤੀ ਸੀ। ਸੋ ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਸੰਭਾਲਣ ਦਾ ਕੰਮ ਅਰੰਭਿਆ। ਉਹਨਾਂ ਨੇ ਬੜੀ ਅਣਥੱਕ ਮਿਹਨਤ ਤੇ ਲਗਨ ਨਾਲ ਇਸ ਕੰਮ ਨੂੰ ਸਿਰੇ ਚੜ੍ਹਾਇਆ। ਸਾਰੀ ਬਾਣੀ ਨੂੰ ਰਾਗਾਂ ਵਿੱਚ ਲਿਖਿਆ। ਇਹ ਬਾਣੀ ਸਾਡੇ ਤੱਕ ਸ਼ੁਧ ਰੂਪ ਵਿੱਚ ਆਈ ਹੈ ਤੇ ਸੁਧ ਰੂਪ ਵਿੱਚ ਸੁਰੱਖਿਅਤ ਹੈ। ਦੁਨੀਆਂ ਦਾ ਇਹ ਇਕੋ-ਇਕ ਧਰਮ-ਗ੍ਰੰਥ ਹੈ ਜੋ ਜਾਣਨ ਵਾਲਿਆਂ ਦਾ ਆਪਣਾ ਲਿਖਿਆ ਹੋਇਆ ਹੈ।

ਇਸ ਧੁਰ ਕੀ ਬਾਣੀ ਦਾ ਸੰਦੇਸ਼ ਸਰਬ-ਦੇਸ਼ੀ ਤੇ ਸਰਬ-ਕਾਲੀ ਹੈ। ਇਸ ਦਾ ਆਸ਼ਾ ਸੱਚਾ ਤੇ ਉਪਦੇਸ਼-ਸੱਚਾ ਹੈ। ਇਹ ਸੱਚਾ ਤੇ ਅਧਾਰਤ ਹੈ। ਸੱਚ ਕਦੇ ਵੀ ਪੁਰਾਣਾ ਨਹੀਂ ਹੁੰਦਾ ਤੇ ਨਾ ਹੀ ਮੈਲਾ ਹੁੰਦਾ ਹੈ। ਇਸੇ ਲਈ ਸੱਚ-ਪ੍ਰਮਾਤਮਾਂ ਹੈ ਤੇ ਪ੍ਰਮਾਤਮਾ ਸੱਚ ਹੈ। ਇਸੇ ਲਈ ਸਤਿਗੁਰੂ ਜੀ ਸਦੀਵੀ ਤੇ ਅਟੱਲ ਸਿਧਾਂ ਦੀ ਗੱਲ ਕਰਦੇ ਹਨ। ਹੇਠਾਂ ਅੰਕਤ ਕੁਝ ਗੁਰ-ਵਾਕਾਂ ਵਿੱਚ ਸਤਿਗੁਰਾਂ ਨੇ ਜੋ ਗੱਲਾਂ ਕਹੀਆਂ ਹਨ ਉਹ ਤ੍ਰੈਕਾਲ ਸਤਿ ਹਨ ਜਿਵੇਂ ਕਿ -

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥*
*ਅੰਗ - ੯੫੩*

*ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥*
*ਅੰਗ - ੬੮੭*

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*
*ਅੰਗ - ੪੭੦*

*ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥*
*ਅੰਗ - ੪੭੩*

*ਪੜਿਆ ਮੂਰਖ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*
*ਅੰਗ - ੭੪੦*

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*
*ਅੰਗ - ੬੨*

ਗੁਰੂ ਨਾਨਕ ਦੇਵ ਜੀ ਨੂੰ ਜਗਤ-ਗੁਰੂ ਮੰਨਿਆ ਗਿਆ ਹੈ। ਉਹਨਾਂ ਵਲੋਂ ਚਲਾਏ ਗਏ ਨਿਰਮਲ-ਧਰਮ ਤੇ ਗੁਰੂ ਸਾਹਿਬਾਂ ਵਲੋਂ ਰਚੀ ਗਈ ਧੁਰ ਕੀ ਬਾਣੀ ਦੀਆਂ ਅਟੱਲ ਸਚਾਈਆਂ ਨੂੰ ਸੰਸਾਰ ਦੇ ਲੋਕ ਜਿੰਨੀ ਛੇਤੀ ਮਾਨਵ ਤੇ ਵਿਸ਼ਵ-ਏਕਤਾ ਲਈ ਅਪਨਾ ਲੈਣਗੇ ਉਂਨੀ ਛੇਤੀ ਹੀ ਸੱਚ ਦੀ ਅਣਹੋਂਦ ਤੇ ਅਵਿਸ਼ਵਾਸ ਤੋਂ ਪੈਦਾ ਹੋਏ ਮਤ-ਭੇਦਾਂ ਨੂੰ ਮਿਟਾ ਕੇ ਸਾਰਾ ਸੰਸਾਰ ਪ੍ਰਸਪਰ-ਪਿਆਰਾਂ ਤੇ ਨਿੱਘੇ ਰਾਹਾਂ ਤੇ ਤੁਰ ਕੇ, ਵਿਸ਼ਵ-ਸ਼ਾਂਤੀ ਤੇ ਖੁਸ਼ਹਾਲੀ ਨੂੰ ਪ੍ਰਾਪਤ ਕਰ ਸਕੇਗਾ।

# ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਸਤਿਗੁਰੂ ਵਿਚ ਸ਼ਬਦ ਦੀ ਦਾਤਿ ਧੁਰੋਂ ਆਈ ਦਾਤਿ ਹੈ। ਵਾਸਤਵ ਵਿਚ ਸਤਿਗੁਰੂ ਦੀ ਪਦਵੀ ਧੁਰੋਂ ਆਈ ਹੈ ਅਤੇ ਸਤਿਗੁਰ ਵਿਚ ਵਰਤ ਰਹੇ ਸ਼ਬਦ ਨੂੰ ਹੀ ਪ੍ਰਾਪਤ ਹੈ। ਸਤਿਗੁਰੂ ਨੂੰ ਗੁਰੂ ਪਦ ਦੀ ਗਹਿਰ-ਗੰਭੀਰਤਾ ਦੀ ਪ੍ਰਾਪਤੀ ਸ਼ਬਦ ਗੁਰੂ ਦੀ ਜੋਤਿ ਦੇ ਪ੍ਰਤਾਪ ਕਰਕੇ ਹੀ ਹੈ। ਸੋ ਸੱਚਾ ਗੁਰ-ਪੀਰ ਜਗਤ ਦਾ ਇਹ ਧੁਰੋਂ ਆਇਆ ਸ਼ਬਦ ਹੀ ਹੈ ਅਤੇ ਇਸ ਸ਼ਬਦ ਦੀ ਦਾਤਿ ਮਿਲੇ ਬਾਝੋਂ ਜਗ ਬਉਰਾਇਆ ਹੋਇਆ ਹੀ ਹੈ। ਜੈਸਾ ਕਿ ਸ਼ਬਦ ਦੇ ਸੋਮੇ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਾਰਾ ਜਗ ਬਉਰਾਇਆ ਹੋਇਆ ਹੀ ਸੀ ਅਤੇ ਹੁਣ ਭੀ ਸ਼ਬਦ ਪੁੰਜ-ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰੇ ਬਾਝੋਂ ਸਾਰਾ ਜਗੁ ਬਉਰਾਇਆ ਬਰਲਿਆ ਹੋਇਆ ਹੀ ਫਿਰਦਾ ਹੈ। ਯਥਾ ਗੁਰਵਾਕ -

*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥*
*ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ॥੮॥੧॥ ਅੰਗ - ੬੩੫*

ਜੋ ਭੀ ਸ਼ਰਧਾਲੂ ਜਗਿਆਸੂ ਸੱਚਾ ਖੋਜੀ ਬੈਰਾਗੀ ਹੈ, ਤਿਸ ਸਹਿਜ ਸੁਭਾਗੀ ਪੁਰਸ਼ ਦਾ ਸ਼ਬਦ-ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ (ਸਬਦੁ ਗੁਰ ਪੀਰਾ ਗਹਿਰ ਗੰਭੀਰਾ ਨੂੰ) ਗੁਰੂ ਨਾਨਕ ਦਸ਼ਮੇਸ਼ ਦਾ ਸੱਚਾ ਸਰੂਪ ਮੰਨਣ ਲਈ ਮਨ ਮੰਨਿਆ ਹੈ। ਤਾਂ ਤੇ ਗੁਰੂ ਰੂਪ ਗਹਿਰ ਗੰਭੀਰ ਸਬਦੁ ਜਿਸ ਜਾਮੇ ਅੰਦਰਿ ਸੋਲ੍ਹਾਂ ਕਲਾਂ ਸੰਪੂਰਨ ਜੋਤੰਬਰ ਹੈ, ਸੋਈ ਜਾਮਾ ਸਚੇ ਸਤਿਗੁਰੂ ਦੇ ਨਾਮ ਨਾਲ ਸਸ਼ੋਭਤ ਹੈ।

### ਅੰਮ੍ਰਿਤ-ਬਾਣੀ ਦੇ ਸਰ-ਚਸ਼ਮੇ ਜੁਗੋ ਜੁਗ ਅੱਟਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਅੰਮ੍ਰਿਤ ਬਾਣੀ ਦੇ ਸਰਸ਼ਾਰ ਸਰੋਵਰ, ਅੰਮ੍ਰਿਤ ਬਾਣੀ ਦੇ ਭੰਡਾਰ ਸਰ-ਚਸ਼ਮੇ ਤੇ ਜੁਗੋ ਜੁਗ ਆਦਿ ਅੰਤ ਏਕੋ ਗੁਰੂ ਅਵਤਾਰ ਹੁਣ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਨੂੰ ਕਿ ਹੁਕਮ ਅਕਾਲ ਦੁਆਰਾ ਸ੍ਰੀ ਕਲਗੀਧਰ ਦਸ਼ਮੇਸ਼ ਗੁਰੂ ਜੀ ਨੇ ਅਸਥਾਪਨ ਕੀਤਾ ਹੈ ਜਿਨ੍ਹਾਂ ਦੇ ਦਰਸ਼ਨ ਕੀਤਿਆਂ ਸੈਂਕੜੇ ਹਜ਼ਾਰਾਂ ਗੁਰਸਿੱਖ ਸੰਤ-ਚਕੋਰਾਂ ਦੀ ਜਲਨ ਬੁਝਦੀ ਹੈ ਅਤੇ ਮਨ ਸੀਤਲ ਹੁੰਦੇ ਹਨ, ਜਿਨ੍ਹਾਂ ਦੀ ਅੰਮ੍ਰਿਤ ਬਾਣੀ ਸੁਣ ਸੁਣ ਕੇ ਹੀ ਸ੍ਰੋਤੇ ਜਨਾਂ ਦੀ ਪਰਮ ਗਤਿ ਹੁੰਦੀ ਹੈ। ਯਥਾ ਗੁਰਵਾਕ -

*ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥*
*ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥*
*ਜਲਨਿ ਬੁਝੀ ਸੀਤਲੁ ਹੋਇ ਮਨੂਆ*
*ਸਤਿਗੁਰ ਕਾ ਦਰਸਨੁ ਪਾਏ ਜੀਉ॥੧॥ ਅੰਗ - ੧੦੩*

ਕੀ ਇਹਨਾਂ ਆਪੋਂ ਬਣ ਬੈਠੇ ਦੇਹਧਾਰੀ ਗੁਰੂਆਂ ਨੂੰ ਅਪਿਉ ਨਿਝਰ ਝਰਨਿਆਂ ਦੇ ਝਰਨ ਵਾਲੀ ਅੰਮ੍ਰਿਤ ਬਾਣੀ ਦੇ ਉਚਾਰਨ ਦੀ ਸਮਰੱਥਾ ਹੈ? ਇਹ ਸਤਿਗੁਰੂ ਦੀ ਅਮਰ ਕਲਾ ਵਾਲੀ ਅੰਮ੍ਰਿਤ ਸਾਰਖੀ ਮੀਠੀ ਬਾਣੀ ਨੂੰ ਹੀ ਤੌਫ਼ੀਕਾਂ ਹਨ ਕਿ ਜਿਸ ਦੇ ਭੁੰਚਣ ਨਾਲ ਬਾਣੀ ਦੇ ਰਸੀਏ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਰਸ ਜੋਤਿ ਪਰਗਾਸ ਹੋਇਆ ਹੁੰਦਾ ਹੈ ਅਤੇ ਨਾਮ ਮਹਾਂ ਰਸ ਦੇ ਅਮਿਉ ਗਟਾਕ ਗਟਕੀਂਵਦੇ ਹਨ ਅਤੇ ਇਸੇ ਦੀ ਬਰਕਤ ਨਾਮ ਅਮਿਉ ਗਟਾਕ ਗਟਕੀਵੇ ਗੁਰਮੁਖ ਦਸਮ ਦੁਆਰ ਚਲੇ ਜਾਂਦੇ ਹਨ, ਜਿਸ ਦਰ ਸੱਚੇ ਵਿਖੇ ਦਿਨ ਰਾਤ ਅਨਹਦ ਸ਼ਬਦ ਵਜਣ ਲਗ ਪੈਂਦੇ ਹਨ, ਐਸੀ ਅੰਮ੍ਰਿਤ ਬਾਣੀ ਦਾ ਬੋਹਿਥ ਅੰਮ੍ਰਿਤਸਰ ਸਾਚਾ, ਸਤਿਗੁਰੂ ਸੱਚਾ ਗੁਰਦੇਵ ਗੁਰੂ ਗ੍ਰੰਥ ਸਾਹਿਬ ਹੀ ਹੈ। ਜੋ ਜਨ ਭੀ ਇਸ ਅੰਮ੍ਰਿਤ-ਸਰੋਵਰ ਅੰਦਰ ਡੁਬਕੀਆਂ ਲਾਉਂਦਾ ਹੈ, ਉਸਦੇ ਮਨ ਦੀ ਮੈਲ ਉਤਰ ਜਾਂਦੀ ਹੈ। ਐਸੀ ਅੰਮ੍ਰਿਤ ਬਾਣੀ ਦਾ ਸਰੋਵਰ ਬੋਹਿਥ, ਸਰ-ਚਸ਼ਮਾ ਇਸ ਸਮੇਂ ਅੰਦਰ ਬੱਸ ਇੱਕੋ ਸਤਿਗੁਰੂ ਹੀ ਹੈ, ਜੋ ਅਭਿਆਸ ਕਮਾਈ ਕਰਨ ਜੋਗ ਇਕੋ ਸ਼ਬਦ ਦੀ ਸਿਮਰਨ-ਦਾਤਿ ਦਾ ਦਾਤਾਰ ਹੈ।

ਅੰਮ੍ਰਿਤ ਦੀ ਰਸਾਇਣ ਸ਼ਕਤੀ ਵਾਲੀ ਬਸ ਇਕੋ ਹੀ ਬਾਣੀ ਗੁਰਬਾਣੀ ਹੈ। ਇਸ ਗੁਰੂ ਰੂਪ ਬਾਣੀ ਨੂੰ, ਇਸ ਗੁਰੂ ਰੂਪ ਅੰਮ੍ਰਿਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਸਤਿਗੁਰੂ ਪਦ ਪ੍ਰਾਪਤ ਹੈ। ਗੁਰਵਾਕ -

*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥*

*ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥*
*ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥*
*ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥*
*ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ॥*
*ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ॥*
*ਅੰਗ - ੬੪੬*

## ਕਾਚੇ ਗੁਰ ਤੇ ਮੁਕਤਿ ਨ ਹੂਆ

ਏਕ ਜੋਤਿ ਦੁਇ ਮੂਰਤੀ ਵਾਲਾ ਸ਼ਬਦ-ਮਿਲਾਵਾ ਕਰਾਵਣਹਾਰ ਸਤਿਗੁਰੂ ਰੂਪ ਸੱਚੇ ਅੰਮ੍ਰਿਤ ਕੁੰਡ ਨੂੰ ਛੱਡ ਕੇ ਜੋ ਬਿਖਲੀਪਤ ਬੁੱਧੀ ਵਾਲੇ ਅਲਪੱਗ ਗੁਰੂਆਂ ਦੇ ਪਿਛੇ ਮਾਇਆਵੀ ਮਨੋਰਥ-ਮਈ ਬਿਖ ਬਿਹਾਜਣ ਖਾਤਰ ਲੋਭ-ਲਲਚਾਏ ਭੱਜੇ ਫਿਰਦੇ ਹਨ ਅਤੇ ਗੁਰੂ ਘਰ ਤੋਂ ਬੇਮੁਖ ਹੋ ਕੇ, ਸੱਚੇ ਸਤਿਗੁਰੂ ਦੀ ਚਾਕਰੀ ਨੂੰ ਤਿਲਾਂਜਲੀ ਦੇ ਕੇ ਡਿੰਭੀ ਗੁਰੂਆਂ ਦੀ ਵਿਡਾਨੀ ਚਾਕਰੀ ਸਹੇੜਦੇ ਫਿਰਦੇ ਹਨ, ਉਹ ਗੁਰਮਤਿ ਮਤਿ ਅਚਲ ਉਤੇ ਸ਼ਰਧਾ, ਭਰੋਸਾ ਰਖਣ ਵਾਲਾ ਆਪਣਾ ਧਰਮ ਭੀ ਗਵਾ ਬੈਠਦੇ ਹਨ ਅਤੇ ਧਰਮ ਗਵਾ ਕੇ ਸੱਚੀ ਸੂਝ ਬੂਝ ਤੋਂ ਵੀ ਵਾਂਝੇ ਰਹਿ ਜਾਂਦੇ ਹਨ। ਦਿਨ ਰਾਤ ਉਹਨਾਂ ਦੀ ਦੁਖਾਂ ਵਿਚ ਹੀ ਵਿਹਾਂਦੀ ਹੈ, ਉਹਨਾਂ ਨੂੰ ਅਲਪੱਗ ਗੁਰੂਆਂ ਦੀ ਸਹੇੜ ਨਾਲ ਸਿਮਰਨ ਦੀ ਸੱਚੀ ਦਾਤਿ ਹੀ ਪੱਲੇ ਨਹੀਂ ਪੈਂਦੀ। ਉਹ ਨਾ ਇਤ ਕੇ ਨਾ ਉਤ ਕੇ, ਗੁਰੂ ਸੱਚੇ ਸਤਿਗੁਰੂ ਤੋਂ ਬੇਮੁਖ ਹੋ ਕੇ ਉਹ ਦੀਨ ਦੁਨੀ ਦੋਨੋਂ ਹੀ ਗਵਾ ਬੈਠਦੇ ਹਨ ਅਤੇ ਬੁਰੀ ਤਰ੍ਹਾਂ ਸ਼ਰਮਿੰਦੇ ਹੋ ਕੇ ਬਿਨ ਪਾਣੀ ਹੀ ਡੁੱਬ ਮਰਦੇ ਹਨ। ਸੱਚੇ ਸਤਿਗੁਰੂ ਤੋਂ ਪ੍ਰਾਪਤ ਕੀਤਾ ਗੁਰ-ਸ਼ਬਦ ਗੁਰਮੰਤਰ ਨਾਮ ਹੀ ਜਗਿਆਸੂ ਸਿੱਖ ਦੇ ਘਟ ਅੰਤਰ ਵਸ ਕੇ ਧੱਸ ਸਕਦਾ ਹੈ, ਫਿਰ ਵਿਸਰਦਾ ਕਦੇ ਨਹੀਂ। ਇਸ ਬਿਧ ਸਤਿਗੁਰੂ ਦੀ ਸ਼ਰਨੀ ਆਇਆਂ ਨਾਮ ਦੀ ਪਾਰਸ-ਕਮਾਈ ਦੇ ਤੁਫੈਲ ਪਰੀਪੂਰਨ ਪ੍ਰਮਾਤਮਾ ਦੀ ਸਦਾ ਹਜ਼ੂਰੀ ਵਾਲੀ ਸ਼ਰਨ ਪ੍ਰਾਪਤ ਕਰ ਕੇ ਭੀ ਉਹ ਵਡਭਾਗਾ ਜਨ ਸਦਾ ਸਿਮਰਨ ਭਜਨ ਵਿਚ ਹੀ ਨਿਮਗਨ ਰਹਿੰਦਾ ਹੈ। ਬਸ ਸੱਚੇ ਸਤਿਗੁਰੂ ਦੀ ਕੀਤੀ ਸੇਵਾ-ਭਗਤੀ ਹੀ ਸਦਾ ਸੁਖਦਾਇਕ ਹੈ ਅਤੇ ਜੋਤੀ ਜੋਤਿ ਮਿਲਾਵਣਹਾਰੀ ਹੈ। ਯਥਾ ਗੁਰਵਾਕ -

*ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ*
*ਸੇਵਾ ਕਰਹਿ ਵਿਡਾਣੀ॥*
*ਆਪਣਾ ਧਰਮੁ ਗਵਾਵਹਿ*
*ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥*
*ਮਨਮੁਖ ਅੰਧ ਨ ਚੇਤਹੀ*
*ਡੂਬਿ ਮੁਏ ਬਿਨੁ ਪਾਣੀ॥੧॥*
*ਮਨ ਰੇ ਸਦਾ ਭਜਹੁ ਹਰਿ ਸਰਣਾਈ॥*
*ਗੁਰ ਕਾ ਸ਼ਬਦੁ ਅੰਤਰਿ ਵਸੈ*
*ਤਾ ਹਰਿ ਵਿਸਰਿ ਨ ਜਾਈ॥੧॥ਰਹਾਉ॥ ਅੰਗ - ੩੧*

ਜਿਸ ਗੋਬਿੰਦ ਗੁਣੀ ਨਿਧਾਨ ਦਾ ਅੰਤ ਨਹੀਂ ਪਾਇਆ ਜਾਂਦਾ ਉਹ 'ਅਬੇ ਤਬੇ ਕੀ ਚਾਕਰੀ ਤੋਂ ਅਤੇ ਕਥਨੀ ਬਦਨੀ ਦੁਆਰਾ ਖੁਦ ਸਾਖ਼ਤਾ ਗੁਰੂਆਂ ਦੀ ਸਿਖਸ਼ਾ ਤੋਂ ਕਦੇ ਪਾਇਆ ਜਾ ਸਕਦਾ ਹੈ? ਐਵੇ ਡਿੰਭੀ ਗੁਰੂਆਂ ਦੇ ਚੇਲੇ ਅਤੇ ਅਲਪੱਗ ਸਿਮਰਨ-ਦਾਤਿਆਂ ਦੇ ਦੀਖਸ਼ਕ ਕਥਨੀ ਬਦਨੀ ਕਰਦੇ ਫਿਰਦੇ ਹਨ ਕਿ ਦੇਹਧਾਰੀ ਗੁਰੂ ਧਾਰਨ ਕਰੋ, ਅਸੀਂ ਪ੍ਰਮਾਤਮਾ ਨੂੰ ਪਾ ਲਿਆ ਹੈ। ਉਹ ਆਪਣੀ ਹਉਮੈ ਦਾ ਰੋਗ ਹੀ ਵਧਾਉਂਦੇ ਹਨ।

## ਸਤਿਗੁਰੂ ਦੀ ਸੱਚੀ ਸੁੱਚੀ ਪਛਾਣ

ਸਤਿਗੁਰੂ ਦੀ ਸੱਚੀ ਸੁੱਚੀ ਪਛਾਣ ਇਕ ਇਹ ਹੈ ਕਿ ਉਸ ਨੂੰ ਮਿਲ ਕੇ ਹਰਿਗੁਣ ਰਵੀਦੇ ਹਨ, ਹਰਿਗੁਣ ਧਾਰੀਦੇ, ਸੰਵਾਰੀਦੇ ਹਨ। ਜਿਸ ਨੂੰ ਭੇਟਦਿਆਂ, ਜਿਸ ਦਾ ਦਰਸ਼ਨ ਪਰਸਦਿਆਂ ਗੁਣੀ ਅਕਾਲ ਪੁਰਖ ਦੀ ਗੁਣਾਂ ਰੂਪੀ ਗੁਰਬਾਣੀ ਦਾ ਅੰਮ੍ਰਿਤ ਰਸਾਇਣੀ ਪਾਰਸ ਪਰਸੀਦਾ ਹੈ, ਸੋਈ ਸਜਣ ਸੱਚਾ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਜਦੋਂ ਭੀ ਇਸ ਗੁਰੂ ਪਾਤਸ਼ਾਹ ਨੂੰ ਪਰਸੋਗੇ ਤਦੋਂ ਹੀ ਇਸ ਦੁਆਰਿਓ ਅੰਮ੍ਰਿਤ ਬਾਣੀ ਦਾ ਸੋਮਾ ਹੀ ਸੰਚਤ ਹੋਵੇਗਾ।

ਸਤਿਗੁਰੂ, ਮੇਰੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਅੰਮ੍ਰਿਤ ਬਾਣੀ ਰੂਪੀ ਅਮੋਘ ਬਾਣ ਅਤੇ ਅਮੋਲਕ ਰਤਨ ਹਨ। ਸੱਚੇ ਗੁਰੂ ਦੇ ਬਚਨ ਦੀ ਵਡਿਆਈ ਫੇਰ ਇਸ ਬਿਧ ਗੁਰਬਾਣੀ ਅੰਦਰ ਗਾਈ ਗਈ ਹੈ। ਯਥਾ ਗੁਰਵਾਕ -

*ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ॥*
*ਗੁਰਿ ਪੂਰੈ ਮੇਰੀ ਪੈਜ ਰਖਾਈ॥੧॥*
*ਗੁਰ ਕੈ ਬਚਨਿ ਧਿਆਇਓ ਮੋਹਿ ਨਾਉ॥*
*ਗੁਰ ਪਰਸਾਦਿ ਮੋਹਿ ਮਿਲਿਆ ਥਾਉ॥੧॥ਰਹਾਉ॥*
*ਗੁਰ ਕੈ ਬਚਨਿ ਸੁਣਿ ਰਸਨ ਵਖਾਣੀ॥*
*ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ॥੨॥*
*ਗੁਰ ਕੈ ਬਚਨਿ ਮਿਟਿਆ ਮੇਰਾ ਆਪੁ॥*
*ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ॥੩॥*
*ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ॥*
*ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ॥੪॥*
*ਗੁਰ ਕੈ ਬਚਨਿ ਕੀਨੋ ਰਾਜੁ ਜੋਗੁ॥*
*ਗੁਰ ਕੈ ਸੰਗਿ ਤਰਿਆ ਸਭੁ ਲੋਗੁ॥੫॥*
*ਗੁਰ ਕੈ ਬਚਨਿ ਮੇਰੇ ਕਾਰਜ ਸਿਧਿ॥*
*ਗੁਰ ਕੈ ਬਚਨਿ ਪਾਇਆ ਨਾਉ ਨਿਧਿ॥੬॥*
*ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ॥*
*ਤਿਸ ਕੀ ਕਟੀਐ ਜਮ ਕੀ ਫਾਸਾ॥੭॥*
*ਗੁਰ ਕੇ ਬਚਨਿ ਜਾਗਿਆ ਮੇਰਾ ਕਰਮੁ॥*

*ਨਾਨਕ ਗੁਰੁ ਭੇਟਿਆ ਪਾਰਬ੍ਰਹਮੁ॥੮॥੮॥ ਅੰਗ - ੨੩੯*

ਇਸ ਗੁਰਵਾਕ ਦੀ ਪਿਛਲੀ ਤੁਕ ਪਹਿਲਾਂ ਲਵੋ। ਪੰਚਮ ਸਤਿਗੁਰੂ ਨਾਨਕ ਸਾਹਿਬ ਨੇ ਗੁਰੂ ਦਾ ਦਰਜਾ ਪਾਰਬ੍ਰਹਮ ਦੇ ਬਰਾਬਰ ਰੱਖਿਆ। ਕੀ ਜਣਾ ਖਣਾ ਆਪੋਂ ਬਣ ਬੈਠਾ ਗੁਰੂ ਯਾ ਗੁਰੂ-ਡੰਮੀਆਂ ਦਾ ਖੁਦਸਾਖਤਾ ਗੁਰੂ ਏਸ ਦਰਜੇ ਨੂੰ ਪਹੁੰਚ ਸਕਦਾ ਹੈ? ਹਰਗਿਜ਼ ਨਹੀਂ। ਸੋਈ ਪਹੁੰਚੇ, ਜਿਸ ਨੂੰ ਆਪ ਸਤਿਗੁਰੂ ਟਿਕੇ ਯਾ ਆਪ ਅਕਾਲ ਪੁਰਖ ਥਾਪੇ। ਐਸੇ ਪਾਰਬ੍ਰਹਮ ਸੇਤੀ ਇਕ-ਮਿਕ ਹੋਏ ਗੁਰੂ ਕੇ ਬਚਨ ਦੀ ਮਹਿਮਾ ਉਪਰਲੇ ਗੁਰਵਾਕ ਅੰਦਰ ਵਰਣਨ ਹੈ। ਗੁਰ ਕਾ ਬਚਨ, ਗੁਰਬਚਨ ਪਾਲਣਹਾਰਿਆਂ ਦੀ ਪੂਰਨ ਪੈਜ ਰਖਾਵਣਹਾਰ ਹੈ। ਗੁਰ ਕੇ ਬਚਨ ਦੀ ਬਰਕਤ ਨਾਲ ਹੀ ਨਾਮ ਧਿਆਇਆ ਜਾ ਸਕਦਾ ਹੈ। ਨਹੀਂ ਤਾਂ ਨਾਮ ਦਾ ਆਮ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ। ਗੁਰੂ ਦੇ ਪਰਸਾਦ ਕਰਕੇ ਹੀ ਗੁਰੂ ਕੇ ਬਚਨ ਵਿਖੇ ਦ੍ਰਿੜਤਾ ਮਈ ਇਸਥਿਤੀ ਹੁੰਦੀ ਹੈ। ਗੁਰ ਕੇ ਬਚਨ ਨੂੰ ਸੁਣ ਕੇ ਹੀ ਸਤਿਗੁਰੂ ਦੀ ਦਿਤੀ ਸਿਮਰਨ-ਦਾਤਿ ਨੂੰ ਰਸਨਾ, ਰਟਨ ਅਭਿਆਸ ਦੀ ਵਿਖਿਆਤ ਕਮਾਈ ਕਰ ਸਕਦੀ ਹੈ। ਗੁਰ ਬਚਨ ਦੀਆਂ ਕਮਾਈਆਂ ਕਰ ਕਰ ਕੇ ਹੀ ਗੁਰੂ ਦੀ ਐਸੀ ਕਿਰਪਾ ਹੋਇ ਆਉਂਦੀ ਹੈ ਕਿ ਸਿਲ ਅਲੂਣੀ ਚਾਟ ਵਾਲਾ ਵਾਲਾ ਹਉਮੈ ਰੋਗ ਚੁਕਿਆ ਜਾਂਦਾ ਹੈ। ਨਾਮ, ਅੰਮ੍ਰਿਤ ਰਸ ਰਸੰਨਾ ਹੋਇ ਵਿਗਸਦਾ ਹੈ। ਗੁਰੂ ਦੇ ਬਚਨ ਦੇ ਪਰਤਾਪ ਕਰਕੇ ਹੀ ਪ੍ਰਾਣੀਆਂ ਦਾ ਆਪਾ ਭਾਵ ਵਾਲਾ ਹਉਮੈ ਰੋਗ ਸਮਾਪਤ ਹੋ ਜਾਂਦਾ ਹੈ।

ਗੁਰੂ ਦੇ ਬਚਨ ਦੇ ਬਲ ਨਾਲ ਰਾਜ ਜੋਗ ਮਾਨਣ ਦੀ ਸਮਰੱਥਾ ਬਣ ਆਉਂਦੀ ਹੈ। ਗੁਰੂ ਦੀ ਸੰਗਤ ਕਰਕੇ ਹੀ ਸਾਰੀ ਲੁਕਾਈ ਦਾ ਨਿਸਤਾਰਾ ਹੁੰਦਾ ਹੈ। ਗੁਰੂ ਦੇ ਬਚਨ ਨਾਲ ਗੁਰਬਚਨ ਕਮਾਵਣਹਾਰੇ ਦੇ ਸਾਰੇ ਕਾਰਜ ਸਿੱਧ ਹੁੰਦੇ ਹਨ। ਗੁਰੂ ਕੇ ਬਚਨ ਦੇ ਪ੍ਰਸਾਦ ਕਰਿ ਹੀ ਨਾਮ ਰੂਪੀ ਨਿਧੀ ਹਾਸਲ ਹੁੰਦੀ ਹੈ। ਜਿਸ ਕਿਸੇ ਨੇ ਭੀ ਮਨ ਬਚ ਕਰਕੇ ਸੱਚੇ ਸਤਿਗੁਰੂ ਉਤੇ ਆਸਾ ਭਰੋਸਾ ਭਾਵਨੀ ਸ਼ਰਧਾ ਰਖੀ ਹੈ ਤਿਸੁ ਤਿਸ ਦੀ ਜਮ ਦੀ ਫਾਸ ਕੱਟੀ ਗਈ ਹੈ। ਗੁਰੂ ਕੇ ਬਚਨ ਦੇ ਬਲ ਨਾਲ ਹੀ ਗੁਰਬਚਨ ਕਮਾਵਣਹਾਰੇ ਦਾ ਪੂਰਬਲਾ ਕਰਮ ਜਾਗ ਪੈਂਦਾ ਹੈ ਅਤੇ ਓਹ ਪਾਰਬ੍ਰਹਮ ਨੂੰ ਭੇਟਣਹਾਰਾ ਸਚਿਆਰ ਗੁਰਸਿਖ ਬਣ ਜਾਂਦਾ ਹੈ। ਇਹ ਸਭ ਵਡਿਆਈ ਸਤਿਗੁਰੂ ਦਾਤਾਰ ਦੀ ਦਿਤੀ ਸਿਮਰਨ-ਦਾਤਿ-ਕਲਾ ਨੂੰ ਹੈ। ਸਿਮਰਨ ਦਾਤਿ ਦੀ ਕਲਾ ਕੇਵਲ ਕਲਾਧਾਰੀ ਸਤਿਗੁਰੂ ਹੀ ਵਰਤਾ ਸਕਦਾ ਹੈ। ਸਿਮਰਨ-ਦਾਤਿ-ਕਲਾ ਦੀ ਸਮਰੱਥਾ ਤੋਂ ਹੀਣ ਦੇਹਧਾਰੀ ਗੁਰੂ-ਡੰਮੀਆਂ ਨੂੰ ਐਵੇਂ ਅਣਹੋਇਆ ਮੇਨੀਆ ਗੁਰੂ ਬਣ ਬਹਿਣ ਦਾ ਲਗਾ ਹੋਇਆ ਹੈ। ਅਜਿਹੇ ਗੁਰੂ ਬਣਾਉਣ ਦੇ ਠੇਕੇਦਾਰ ਗੁਰੂ-ਮੇਕਰਾਂ ਦਾ ਭੀ ਜੇ ਗੁਰੂ ਬਣਾਉਣ ਵਾਲਾ ਝਸ (ਮੇਨੀਆ) ਪੂਰਾ ਹੁੰਦਾ ਨਾ ਦਿਸੇ, ਯਾ ਉਸ ਵਿਚ ਕੋਈ ਠੇਸ ਲਗੇ ਤਾਂ ਉਹ ਰੂਹੇ ਹੋ ਹੋ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ। ਸਤਿਗੁਰੂ ਸੱਚਾ ਪਾਤਸ਼ਾਹ ਉਹਨਾਂ ਨੂੰ ਸੁਮੱਤ ਬਖਸ਼ੇ ਅਤੇ ਦੀਰਘ ਸਹਿਨ-ਸ਼ੀਲਤਾ ਵਾਲਾ ਗੁਰਮਤਿ ਬਿਬੇਕ ਵੀਚਾਰ ਪ੍ਰਦਾਨ ਕਰੇ।

ਗੁਰੂ ਕੇ ਬਚਨ ਵਿਚ ਹੀ ਇਹ ਸੱਤਿਆ ਹੈ, ਜੈਸੀ ਕਿ ਪਿਛੇ ਦਿੱਤੇ ਗੁਰਪ੍ਰਮਾਣ ਨੇ ਦਰਸਾਈ ਹੈ। ਗੁਰੂ ਕੇ ਬਚਨ ਹੀ ਅਮੋਘ ਬਾਣ ਹਨ। ਅੱਜ ਕਲ੍ਹ ਦੇ ਅਨਜਾਣ ਮਨੁਖ ਸਾਧਾਂ ਸੰਤਾਂ ਨੂੰ ਗੁਰੂ ਡੰਮ ਦਾ ਧਨੇਸੂ ਥਾਪ ਕੇ ਉਹਨਾਂ ਪਾਸੋਂ ਗੁਰੂ ਸਦਰਸ਼ ਬਚਨਾਂ ਦੀ ਸਿੱਧੀ ਮੰਗਦੇ ਹਨ। ਉਹ ਧਨੇਸੂ ਭੀ ਵਡਿਆਈ ਨਾਲ ਵੱਲ ਫੁੱਲ ਕੇ ਅਤੇ ਧਨੈਸੂਪਣੇ ਦੇ ਅਣਹੋਏ ਅਕੜੇਵੇਂ ਵਿੱਚ ਆਕੜ ਕੇ ਬਚਨ-ਦਾਤੇ ਬਣ ਬਹਿੰਦੇ ਹਨ ਅਤੇ ਸੱਚੇ ਗੁਰੂਆਂ ਦੀ ਰੀਸ ਦੀ ਕੁੱਚੋਜ ਕਰ ਲੈਂਦੇ ਹਨ, ਪਰ ਉਹਨਾਂ ਤੋਂ ਸਰਦਾ ਪੁੱਜਦਾ ਕੁੱਛ ਨਹੀਂ। ਬਪੁੜੇ ਲੋਕੀ ਉਹਨਾਂ ਦੀ ਹਉਮੈ ਹੀ ਵਧਾਉਂਦੇ ਹਨ ਤੇ ਫੋਕੀਆਂ ਸੁਆਰਥ ਭਰੀਆਂ ਦੁਕਾਨਦਾਰੀਆਂ ਚਲਾਉਂਦੇ ਹਨ। ਦੇਹਧਾਰੀ ਅਲਪੱਗ ਗੁਰੂਆਂ ਦੇ ਮੂੰਹਾਂ ਵਿਚੋਂ ਨਿਕਲੇ, ਫੋਕੇ ਕੱਚਪਿੱਚੇ ਬਚਨ ਕਦੇ ਗੁਰੂ ਦੇ ਅਮੋਘ ਬਾਣ-ਬਚਨਾਂ ਦੇ ਤੁਲ ਹੋ ਸਕਦੇ ਹਨ? ਕਦਾਚਿਤ ਨਹੀਂ। ਨਾਮ ਅਭਿਆਸ ਦੀ ਅਗਾਧ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਸੁਤੇ ਸਿਧ ਹੀ ਬਚਨਾਂ ਦੀ ਸਿੱਧੀ ਹੋ ਆਉਂਦੀ ਹੈ, ਪਰ ਉਹ ਏਸ ਨੂੰ ਵਰਤਦੇ ਨਹੀਂ, ਵਰਤਣ ਨੂੰ ਸਗੋਂ ਮਨਮਤਿ ਸਮਝਦੇ ਹਨ। ਜਿਨ੍ਹਾਂ ਨੇ ਤਨਕ ਮਾਤਰ ਸਿੱਧੀ ਨੂੰ ਪਾ ਕੇ ਵਰਤਣ ਦਾ ਜੰਜਾਲ ਸਹੇੜ ਲਿਆ, ਉਹ ਬਸ ਏਧਰੋ ਹੀ ਰੁੜ੍ਹ ਗਏ। ਉਹਨਾਂ ਦਾ ਪ੍ਰਮਾਰਥ ਗਿਆ ਗਵਾਤਾ ਹੋ ਗਿਆ, ਓੜਕ ਓਹ ਫੋਕੇ ਬੁਝ-ਬੁੱਝਕੜ ਹੀ ਰਹਿ ਗਏ। ਗੁਰੂ ਦਾ ਤੱਤ ਬਚਨ ਨਾਮ ਗੁਰਮੰਤਰ ਹੈ। ਇਸ ਗੁਰਮੰਤਰ ਰੂਪੀ ਗੁਰਬਚਨ ਦੀ ਹੀ ਮਹਿਮਾ ਪਿਛੇ ਦਿੱਤੇ ਗੁਰਵਾਕ ਅੰਦਰ ਵਰਤੀ ਗਈ ਹੈ। ਇਸ ਮਹਾਂ ਮੰਤਰ ਦੇ ਮੁਕਾਬਲੇ ਵਿਚ ਕੱਚੇ ਗੁਰੂ ਕੱਚੇ ਬਚਨਾਂ ਦੇ ਹਲਦੀ ਦੀ ਗੰਠੀ ਵਾਂਗ ਪਨਸਾਰੀ ਬਣ ਬਹਿੰਦੇ ਹਨ। ਸੰਸਾਰ ਦੇ ਪ੍ਰਾਰਥੀਆਂ ਦੀ ਅਜਿਹੇ ਬਚਨਵਰ ਦੇਣ ਵਾਲੇ ਹਲਦੀ-ਗੰਠੀ-ਪਨਸਾਰੀਆਂ ਪਾਸੋਂ ਹੀ ਧਤ ਪੂਰੀ ਹੁੰਦੀ ਹੈ। ਬਚਨਾਂ ਸਿਰ ਬਚਨ ਗੁਰੂ ਕਾ ਸ਼ਬਦ ਗੁਰਮੰਤਰ ਹੈ ਅਤੇ ਤੱਤ ਬਚਨ ਸਿੱਧੀ ਗੁਰੂ ਹੁਕਮ ਰੂਪ ਬਚਨ ਨੂੰ ਕਮਾਉਣ ਵਿਚ, ਅਰਥਾਤ ਗੁਰ ਸ਼ਬਦ ਗੁਰਮੰਤਰ ਦੀ ਕਮਾਈ ਵਿਚ ਹੈ। ਇਸ ਤੋਂ ਬਿਨਾਂ ਹੋਰ ਰਿੱਧ ਸਿੱਧ ਸਭ ਮੋਹ ਰੂਪ ਹੈ, ਜਿਸ ਦੇ ਵਿਚ ਖਚਤ ਹੋਣ ਕਰਿ ਨਮੂਦ ਮਾਤਰ ਨਿੰਮ੍ਹਿਆ ਨਾਮ ਭੀ ਮਨ ਵਿਚੋਂ ਨਿਕਲ ਜਾਂਦਾ ਹੈ। ਯਥਾ ਗੁਰਵਾਕ -

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥੧॥ ਅੰਗ - ੫੯੩*

## ਸਿੱਖ ਰੂਪ ਸੰਤ-ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ

ਸਿੱਖ ਰੂਪ ਸੰਤ ਸਾਧ ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ। ਸਤਿਗੁਰੂ ਰੂਪ ਸਾਧ ਸੰਤ ਹੀ ਸਿਮਰਨ-ਦਾਤੇ ਹਨ। ਸਿਮਰਨ-ਦਾਤੇ ਐਸੇ ਸਤਿਗੁਰੂ ਰੂਪ ਸਾਧ ਜਾਮੇ, ਬਸ ਕੇਵਲ ਦਸੇ ਗੁਰੂ ਪਾਤਸ਼ਾਹੀ ਜਾਮੇ ਹੀ ਹਨ। ਹੋਰ ਕੋਈ ਇੱਕ ਇੱਕਲਾ ਦੇਹ-ਧਾਰੀ ਸਾਧ ਸੰਤ ਗੁਰੂ ਸਦਰਸ਼ ਨਹੀਂ ਹੋ ਸਕਦਾ। ਪੰਚ ਪਰਵਾਨ ਜਨਾਂ ਦੇ ਅੰਦਰ ਗੁਰੂ-ਜੋਤਿ-ਕਲਾ ਵਰਤਦੀ ਹੈ, ਪਰ ਇਹਨਾਂ ਪੰਚਾਂ ਦੁਆਰਾ ਗੁਰੂ ਕਲਾ ਵਰਤਦੀ ਹੈ ਕੇਵਲ ਦਸਾਂ ਗੁਰੂਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਜ਼ੂਰੀ ਵਿਚ।

ਜਿਨ੍ਹਾਂ ਨੇ ਐਸੇ ਸਤਿਗੁਰੂ ਸਾਧ ਦਸੋਂ ਗੁਰੂ ਜੋਤਿ ਜਾਮਿਆਂ ਦੇ ਜ਼ਾਹਰਾ ਜ਼ਹੂਰ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ, ਸੋ ਸਭ ਨਿਗੁਰੇ ਹਨ।

ਜੋ ਮਨਮਤੀਏ ਪੁਰਸ਼ ਸਿਮਰਨ-ਦਾਤੇ ਹੋ ਕੇ ਆਪਣੇ ਆਪ ਨੂੰ ਪੁਜਾਉਦੇ ਮੱਥੇ ਟਿਕਾਉਂਦੇ ਹਨ, ਉਹ ਸਿੱਖੀ ਪਦ ਤੋਂ ਭੀ ਹਿਠਾਹਾਂ ਹੋ ਜਾਂਦੇ ਹਨ, ਉਨ੍ਹਾਂ ਅੱਗੇ ਸਿੱਖ ਸਮਝ ਕੇ ਨਿਵਣਾ ਭੀ ਅਯੋਗ ਹੈ।

ਆਪੋ ਬਣ ਬੈਠੇ ਸਿਮਰਨ-ਦਾਤਿਆਂ ਨੇ ਤਾਂ ਲੋਕਾਂ ਆਪਣੇ ਪੈਰੀਂ ਪੁਆਉਣ ਦਾ ਠੇਕਾ ਹੀ ਲੀਤਾ ਹੋਇਆ ਹੈ। ਉਹ ਪੈਰੀਂ ਪੁਆਉਣਗੇ, ਪੈਰੀਂ ਪੈਣਗੇ ਨਹੀਂ, ਕਿਉਂਕਿ ਉਨ੍ਹਾਂ ਅੰਦਰਿ ਸਿਮਰਨ-ਦਾਤੇ ਹੋਣ ਦੀ ਆਕੜ ਵੜੀ ਹੋਈ ਹੁੰਦੀ ਹੈ, ਐਵੇਂ ਨਿਖੜੰਮੀ ਰੰਘੜਊਪੁਣੇ ਵਾਲੀ ਆਕੜ।

## ਗੁਰਮਤਿ ਗੁਣਾਂ ਦੇ ਬੋਹਿਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ

ਗੁਰਮਤਿ ਗੁਣ ਗੁਰਬਾਣੀ ਦੇ ਬੋਹਿਥ ਕਲਜੁਗ ਅੰਦਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ। ਇਸ ਸੱਚੇ ਗੁਰਦੇਵ ਬਾਝੋਂ ਗੁਣ ਕਿਤੇ ਹੋਰਥੇ ਕਿਸੇ ਹੋਰ ਮੁੜੇ ਸਰੀਰ ਵਿੱਚ ਨਹੀਂ ਜਾਪਦੇ। ਪ੍ਰਗਟ ਪਾਹਾਰੇ ਇਹ ਗੁਣ ਜਾਪਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰਿ ਹੀ ਜਾਪਦੇ ਹਨ।

ਸਤਿਗੁਰੂ ਸਿਮਰਨ - ਦਾਤੇ ਦੇ ਦਿੱਤੇ ਸ਼ਬਦ ਗੁਰਮੰਤਰ ਦੁਆਰਾ ਹੀ ਹਉਮੈ ਦਾ ਬਿਨਾਸ ਦਗਧਾਸ ਹੋ ਸਕਦਾ ਹੈ, ਐਵੇਂ ਨਹੀਂ। ਕੱਚੇ ਗੁਰੂ ਦੀਆਂ ਦਿੱਤੀਆਂ ਸਿਮਰਨ - ਕਾਨਾਫੂਸੀਆਂ ਤੋਂ ਕੁਛ ਨਹੀਂ ਸਰਦਾ, ਨਾ ਹਉਮੈ ਮਿਟਦੀ ਹੈ ਨਾ ਹੂੜ ਮਤਿ ਹਟਦੀ ਹੈ। ਕੱਚੇ ਗੁਰੂ ਅਤੇ ਗੁਰੂਆਂ ਦੇ ਕੱਚੇ ਪਿੱਲੇ ਚੇਲੇ ਸਿਮਰਨ - ਦਾਤਾਂ ਲੈਣ ਦੇਣ ਦਾ ਝਸ ਪੂਰਾ ਕਰਦੇ ਹਨ।

'ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ' ਵਾਲਾ ਗੁਰਵਾਕ ਨਿਰਣੇ ਕਰਾਉਂਦਾ ਹੈ ਕਿ ਗੁਰਮਤਿ ਤਤ ਗਿਆਨ ਤੋਂ ਘੁੱਥੇ ਅਗਿਆਨੀ ਅਤੇ ਗੁਰੂ ਪਦ ਮਹੱਤਤਾ ਤੋਂ ਅੰਧਲੇ ਆਪੋਂ ਬਣ ਬੈਠੇ, ਅਰਥਾਤ, ਆਪੇ ਹੀ ਆਪਣੇ ਆਪ ਨੂੰ ਗੁਰੂ ਸਦਾਉਣ ਵਾਲੇ ਦੇਹਧਾਰੀ ਗੁਰੂਆਂ ਪਾਸੋਂ ਕੋਈ ਜਗਿਆਸੂ ਵਾਸਤਵ ਵਿਚ ਸੁਮਾਰਗ ਨਹੀਂ ਲੱਗ ਸਕਦਾ, ਐਵੇਂ ਕੱਖਾਂ ਦੀ ਅੱਗ ਵਾਲਾ ਨਿਘਾਸ ਹੀ ਹੈ।

ਅਲੱਪਗ ਖੜ੍ਹੇ ਸਰੀਰ ਐਵੇਂ ਤਨਕ ਮਾਤਰ ਚਿਣਗ ਦੀ ਚਿੰਗਾਰੀ ਹੋ ਕੇ ਪਏ ਲੋਕਾਂ ਨੂੰ ਭਰਮਾਉਂਦੇ ਫਿਰਦੇ ਹਨ ਅਤੇ ਦੇਹਧਾਰੀ ਗੁਰੂ ਦੀ ਅਣਹੋਈ ਲੋੜ ਦਾ ਫੋਕਾ ਹੋਕਾ ਦਿੰਦੇ ਫਿਰਦੇ ਹਨ ਅਤੇ ਸੱਚੇ ਲਾਲ ਰਤਨਾਂ ਜਵਾਹਰਾਂ ਸੇਤੀ ਭਰਪੂਰ ਲੀਣੇ-ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਕਰਾਉਣ ਲਈ ਆਮ ਲੋਕਾਂ ਨੂੰ ਬਹਿਕਾਉਂਦੇ ਫਿਰਦੇ ਹਨ।

ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ ਸਾਗਰ ਵਿੱਚ ਸਭ ਕੁਝ ਭਰਪੂਰ ਹੈ। ਯਥਾ ਗੁਰਵਾਕ -

*ਗੁਰੁ ਸਾਗਰੁ ਰਤਨੀ ਭਰਪੂਰੇ॥*
*ਅੰਮ੍ਰਿਤੁ ਸੰਤ ਚੁਗਹਿ ਨਹੀਂ ਦੂਰੇ॥*
*ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ॥*
*ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ॥੧॥*
*ਕਿਆ ਬਗੁ ਬਪੁੜਾ ਛਪੜੀ ਨਾਇ॥*
*ਕੀਚੜਿ ਡੂਬੈ ਮੈਲੁ ਨ ਜਾਇ ॥੧॥ਰਹਾਉ॥*

***ਅੰਗ - ੬੮੫***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਬਿਨਾਂ ਗੁਰੁ ਸਾਗਰੁ ਰਤਨੀ ਭਰਪੂਰੇ ਵਾਲਾ ਗੁਰੂ ਮਹਜ ਅੱਜ ਦੇ ਵਰਤਮਾਨ ਸਮੇਂ ਵਿਚ ਹੋਰ ਕਿਸੇ ਭੀ ਦੇਹਧਾਰੀ ਗੁਰੂ ਉਤੇ ਨਹੀਂ ਘਟ ਸਕਦਾ ਅਤੇ ਨਾ ਹੀ ਅੱਗੇ ਨੂੰ ਘਟੇਗਾ। ਇਹ ਅੰਮ੍ਰਿਤ ਰੂਪੀ ਰਤਨਾਂ ਨਾਲ ਭਰਿਆਂ ਹੋਇਆਂ ਸਰਸ਼ਾਰ ਸਾਗਰ ਰਤਨ ਵਾਪਾਰੀ ਅਧਿਕਾਰੀ ਸੰਤ ਜਨਾਂ ਨੂੰ ਸਦਾ ਹੀ ਨਿਕਟ ਹਜ਼ੂਰੀ ਵਿਚ ਜ਼ਾਹਰਾ ਜ਼ਹੂਰ ਦਿਸਦਾ ਹੈ। ਉਹ ਵਡਭਾਗੇ ਸਿਖ ਸੰਤ ਜਨ ਮਨ - ਭਾਉਂਦੀਆਂ ਤਾਰੀਆਂ ਅਤੇ ਡੁਬਕੀਆਂ ਇਸ ਅੰਮ੍ਰਿਤ - ਸਾਗਰ ਵਿਖੇ ਲਾਉਂਦੇ ਹਨ ਅਤੇ ਅੰਦਰੋਂ ਰਤਨ ਜਵਾਹਰ ਮਾਣਕ ਲਾਲਾਂ ਮਈ ਤੱਤ ਵਿਰੋਲ ਲੈਂਦੇ ਹਨ। ਗੁਰਮੁਖ ਹੰਸਲੇ ਜਨਾਂ ਨੂੰ ਸੁੱਚੇ ਮੋਤੀ ਹੀਰਿਆਂ ਦਾ ਹੰਸ ਚੋਗ ਲਭਦਾ ਹੈ ਤਾਂ ਇਸੇ ਸਾਗਰ ਵਿੱਚੋਂ ਲਭਦਾ ਹੈ ।ਏਸ ਸੱਚੇ ਸਰੋਵਰ ਵਿਖੇ ਤਾਰੀਆਂ-ਚੁੱਭੀਆਂ ਲਾ ਕੇ ਹੀ ਅੰਮ੍ਰਿਤ-ਚੋਗਲੋ ਹੰਸ, ਪ੍ਰਾਣਪਤਿ ਪ੍ਰੀਤਮ ਪ੍ਰਭੂ ਦੀ ਪ੍ਰਾਪਤੀ ਵਾਲੇ ਪਦ ਨੂੰ ਪਾਉਂਦੇ ਹਨ। ਜਿਹੜੇ ਬਗ ਬਪੁੜੇ ਹਨ, ਸੇ ਛੱਪੜੀਆਂ ਵਿਚ ਨ੍ਹਾਉਣ ਲਈ ਟੱਕਰਾਂ ਮਾਰਦੇ ਫਿਰਦੇ ਹਨ, ਪਰ ਛਪੜੀ ਨਾਤੇ ਕੀ ਬਣਦਾ ਹੈ? ਚਿੱਕੜ ਵਿੱਚ ਡੁਬਿਆਂ ਸਗੋਂ ਹੋਰ

***(ਬਾਕੀ ਪੰਨਾ 38 'ਤੇ)***

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਹਰ ਪ੍ਰਾਣੀ ਮਾਤਰ ਦਾ ਸਰਵ ਸ੍ਰੇਸ਼ਠ ਫਰਜ਼ ਬਣਦਾ ਹੈ। ਪੰਜਵੇਂ ਗੁਰੂ ਨਾਨਕ (ਗੁਰੂ ਅਰਜਨ ਦੇਵ ਜੀ) ਨੇ ਜਿਸ ਸਮੇਂ ਸ਼ਬਦ ਗੁਰੂ ਦੇ ਸਮੂਹ (ਇੱਕਠ) ਗੁਰੂ ਗਰੰਥ ਸਾਹਿਬ ਦਾ ਸਰੂਪ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰਾਇਆ ਤਾਂ ਆਪ ਉਸ ਦਿਨ ਤੋਂ ਸੰਗਤ ਵਿਚ ਬੈਠਣ ਲੱਗ ਪਏ। ਗੱਦੀ ਜਾਂ ਤਖਤ ਉਪਰ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੋਣ ਲਗਾ ਅਤੇ ਸੇਵਾ ਲਈ ਬਾਬਾ ਬੁੱਢਾ ਜੀ ਨੂੰ ਪਹਿਲਾ ਗਰੰਥੀ ਥਾਪਿਆ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਆਪ ਨੀਵੇਂ ਸੰਗਤ ਵਿਚ ਬੈਠ ਕੇ ਆਪਣੇ ਸਰੀਰ ਨਾਲੋਂ ਗੁਰਬਾਣੀ ਨੂੰ ਵੱਧ ਮਹਾਨਤਾ ਦਿੱਤੀ।

ਰਾਤ ਨੂੰ ਗੁਰੂ ਗਰੰਥ ਸਾਹਿਬ ਦਾ ਸੁਖਾਸਨ ਅਕਾਲ ਤਖਤ ਸਾਹਿਬ ਦੇ ਨਾਲ ਵਾਲੇ ਕਮਰੇ (ਕੋਠਾ ਸਾਹਿਬ) ਵਿਖੇ ਹੋਣ ਲੱਗ ਪਿਆ। ਇੱਥੇ ਪਹਿਲਾਂ ਗੁਰੂ ਅਰਜਨ ਦੇਵ ਜੀ ਰਾਤ ਨੂੰ ਪਲੰਘ ਉਪਰ ਬਿਰਾਜਿਆ ਕਰਦੇ ਸਨ, ਪਰ ਹੁਣ ਗੁਰੂ ਗਰੰਥ ਸਾਹਿਬ ਜੀ ਨੂੰ ਪਲੰਘ ਉਤੇ ਬਿਰਾਜਮਾਨ ਕੀਤਾ ਜਾਣ ਲੱਗਾ। ਇਸ ਤਰ੍ਹਾਂ ਆਪ ਜੀ ਨੇ ਸ਼ਬਦ ਦਾ ਸਤਿਕਾਰ ਕੀਤਾ।

ਸੋ ਇਸ ਲਈ ਜਦੋਂ ਸਾਡੇ ਗੁਰੂ ਸਾਹਿਬ ਗੁਰਬਾਣੀ ਦਾ, ਸ਼ਬਦ ਗੁਰੂ ਦਾ, ਇਤਨਾ ਸਤਿਕਾਰ ਕਰਦੇ ਸਨ ਤਾਂ ਸਾਡਾ ਵੀ ਮੁੱਖ ਫਰਜ਼ ਬਣਦਾ ਹੈ ਕਿ ਅਸੀਂ ਵੀ ਗੁਰੂ ਗਰੰਥ ਸਾਹਿਬ ਦਾ ਪੂਰਨ ਸਤਿਕਾਰ ਕਰਨ ਲਈ ਤੱਤਪਰ ਰਹੀਏ, ਖਾਸ ਕਰ ਹੇਠ ਲਿਖੀਆਂ ਵੀਚਾਰਾਂ ਨੂੰ ਦਿਲ ਵਿਚ ਬਿਠਾਈਏ -

(੧) ਗੁਰਮਤਿ ਸਮਾਗਮ (ਦੀਵਾਨ) ਜਿੱਥੇ ਵੀ ਕੀਤਾ ਜਾਵੇ ਉੱਥੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ ਇਹ ਵਿਸ਼ੇਸ਼ ਧਿਆਨ ਰੱਖਣਾ ਜ਼ਰੂਰੀ ਹੈ ਕਿ ਉਹ ਅਸਥਾਨ ਗੁਰੂ ਸਾਹਿਬ ਦੇ ਸਤਿਕਾਰ ਤੇ ਸ਼ਾਨ ਦੇ ਅਨੁਕੂਲ ਹੋਵੇ। ਹੋਟਲਾਂ ਵਿਚ, ਬਜ਼ਾਰਾਂ ਵਿਚ, ਗੰਦੇ ਪਲਾਟਾਂ ਵਿੱਚ ਤੰਗ ਭੀੜੀਆਂ ਥਾਵਾਂ ਤੇ ਪ੍ਰਕਾਸ਼ ਕਰਨਾ ਸਖਤ ਬੇਅਦਬੀ ਹੈ।

(੨) ਕਿਸੇ ਮੱਨੁਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤਿ ਹੈ।

(੩) ਸੰਗਤ ਵਿਚ ਨੰਗੇ ਸਿਰ ਜਾਣਾ ਜਾਂ ਇਸਤਰੀਆਂ ਦਾ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

(੪) ਘਰ ਵਿਚ ਜੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਨਾ ਹੋਵੇ ਤਾਂ ਕਮਰਾ ਸਾਫ ਸੁਥਰਾ ਚੰਗਾ ਤੇ ਨਿਵੇਕਲਾ ਹੋਣਾ ਚਾਹੀਦਾ ਹੈ। ਉਸ ਕਮਰੇ ਵਿੱਚੋਂ ਕੋਈ ਵੀ ਘਰੋਗੀ ਜਾਂ ਹੋਰ ਬੇਲੋੜੀ ਵਸਤੂ ਨਹੀਂ ਹੋਣੀ ਚਾਹੀਦੀ।

ਪ੍ਰਕਾਸ਼ ਅਸਥਾਨ ਤੇ ਕਿਸੇ ਪ੍ਰਕਾਰ ਦੀਆਂ ਮੱਨੁਖੀ ਜਾਂ ਗੁਰੂ ਸਾਹਿਬ ਦੀਆਂ ਮਨੋਕਲਪਤ ਤਸਵੀਰਾਂ ਲਾਉਣੀਆਂ ਮਨਮਤਿ ਹੈ।

(੫) ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਅੰਮ੍ਰਿਤ ਵੇਲੇ (ਪਹੁ ਫੁਟਾਲੇ ਤੋਂ ਪਹਿਲਾਂ) ਹੋਣਾ ਜ਼ਰੂਰੀ ਹੈ ਭਾਵੇਂ ਉਹ ਗੁਰ-ਅਸਥਾਨ (ਗੁਰਦੁਆਰਾ) ਹੋਵੇ ਜਾ ਘਰ ਹੋਵੇ।

(੬) ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਉੱਚੇ ਥੜੇ ਜਾਂ ਤਖਤ ਪੋਸ਼ ਤੇ ਹੋਣਾ ਚਾਹੀਦਾ ਹੈ। ਜੇ ਕਿਸੇ ਕਾਰਨ ਇਹ ਦੋਵੇਂ ਅਸੰਭਵ ਹੋਣ ਤਾਂ ਧਰਤੀ ਤੇ ਹੀ ਸੱਵਛ ਬਸਤਰ ਵਿਛਾ ਕੇ ਮੰਜੀ ਸਾਹਿਬ ਉਪਰ ਪ੍ਰਕਾਸ਼ ਕਰਨ ਵਿਚ ਕੋਈ ਹਰਜ਼ ਨਹੀਂ।

(੭) ਪ੍ਰਕਾਸ਼ ਵਾਲੇ ਅਸਥਾਨ ਉੱਪਰ ਚੰਦੋਆ ਸਜਾਉਣਾ ਜ਼ਰੂਰੀ ਹੈ। ਗੁਰੂ ਸਾਹਿਬ ਵਾਸਤੇ ਚੌਰ ਨੂੰ ਬੀੜ ਦੇ ਨਾਲ ਇਕ ਵੱਖਰੀ ਚੌਕੀ ਤੇ ਰਖਿਆ ਜਾਏ। ਮੰਜੀ ਸਾਹਿਬ ਦੇ ਹੇਠਾਂ ਜਾਂ ਉੱਪਰ ਰਖਣਾ ਸ਼ੋਭਾ ਨਹੀਂ ਦਿੰਦਾ।

(੮) ਸ੍ਰੀ ਗੁਰੂ ਗਰੰਥ ਸਾਹਿਬ ਜੀ ਲਈ ਰੁਮਾਲੇ ਪਲਕਾਂ ਸਮੇਤ ਅਤੀ ਸੁੰਦਰ ਪਰ ਸਾਫ ਤੇ ਸਾਦੇ ਹੋਣੇ ਚਾਹੀਦੇ ਹਨ। ਬਹੁਤ ਚਮਕੀਲੇ, ਭੜਕੀਲੇ ਪਤਲੇ ਜਾਂ ਗੁਰੂ ਤਸਵੀਰਾਂ ਵਾਲੇ ਨਹੀਂ ਹੋਣੇ ਚਾਹੀਦੇ। ਰੁਮਾਲੇ ਗਦੇਲੇ, ਚਾਦਰਾਂ ਤੇ ਹੋਰ ਲੋੜੀਂਦਾ ਸਮਾਨ, ਹਰ ਸਮੇਂ ਅਤਿ ਜ਼ਰੂਰੀ ਹੈ, ਇਸ ਲਈ ਇਹਨਾਂ ਦਾ ਹਰ ਰੋਜ਼ ਜਾਂ ਸਫਾਈ ਦਾ ਪੱਖ ਦੇਖ ਕੇ ਬਦਲਿਆ ਜਾਣਾ ਜ਼ਰੂਰੀ ਹੈ।

ਗਰਮੀਆਂ ਵਿਚ ਠੰਡੇ ਤੇ ਸਰਦੀਆਂ ਵਿਚ ਗਰਮ ਰੁਮਾਲੇ ਇਸ ਮੰਤਵ ਨੂੰ ਮੁੱਖ ਰੱਖ ਕੇ ਨਹੀਂ ਚੜ੍ਹਾਉਣੇ ਚਾਹੀਦੇ ਕਿ ਗੁਰੂ ਸਾਹਿਬ ਨੂੰ ਸਰਦੀ ਜਾਂ ਗਰਮੀ ਲਗਦੀ ਹੈ। ਗੁਰੂ ਮਹਾਰਾਜ ਜੀ ਤਾਂ ਸ਼ਬਦ-ਰੂਪ ਹਨ।

(੯) ਰੁਮਾਲੇ ਨੂੰ ਪੱਤਰਿਆਂ ਵਿਚ ਨਹੀਂ ਦੇਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਕਈ ਵਾਰ ਪੱਤਰੇ ਮੁੜ ਕੇ ਫਟ ਜਾਂਦੇ ਹਨ। ਪਾਠ ਕਰਨ ਸਮੇਂ ਮੰਜੀ ਸਾਹਿਬ ਉੱਪਰ ਬਾਹਵਾਂ ਦੀ ਟੇਕ ਜਾਂ ਢਾਸਣਾ ਲਾਉਣਾ ਯੋਗ ਨਹੀਂ। ਪਾਠ ਕਰਨ ਸਮੇਂ, ਬੀੜ ਵਿਚ ਕਾਗਜ਼ ਦੀਆਂ ਨਿਸ਼ਾਨੀਆਂ ਰਖਣੀਆਂ ਅਯੋਗ ਹਰਕਤ ਹੈ। ਇਸ ਕੰਮ ਲਈ-ਨੋਟ ਬੁਕ, ਮੰਜੀ ਸਾਹਿਬ ਦੇ ਹੇਠਾਂ ਜਾਂ ਜੇਬ ਵਿਚ ਰੱਖੀ ਜਾ ਸਕਦੀ ਹੈ।

(੧੦) ਗੁਰੂ ਗਰੰਥ ਸਾਹਿਬ ਦੀ ਬੀੜ ਦਾ ਸੁਖਾਸਨ ਕਰਨ ਸਮੇਂ ਰੁਮਾਲੇ ਪ੍ਰੇਮ ਤੇ ਸਤਿਕਾਰ ਸਹਿਤ ਲਪੇਟਣੇ ਚਾਹੀਦੇ ਹਨ। ਰੁਮਾਲੇ ਵਿਚ ਵੱਟ ਨਹੀਂ ਰਹਿਣ ਦੇਣੇ ਚਾਹੀਦੇ। ਬੀੜ ਨੂੰ ਇਕ ਅਸਥਾਨ ਤੋਂ ਦੂਜੇ ਅਸਥਾਨ ਤੇ ਲੈ ਜਾਣ ਲਈ ਮੰਜੀ ਸਾਹਿਬ ਉਪਰ ਰੁਮਾਲੇ ਨਾਲ ਚੰਗੀ ਤਰ੍ਹਾਂ ਕਮਰਕੱਸਾ ਜ਼ਰੂਰੀ ਹੈ। ਇਸ ਤਰ੍ਹਾਂ ਨਾ ਕਰਨ ਦੀ ਲਾਪਰਵਾਹੀ ਕਈ ਵਾਰ ਬੇਅਦਬੀ ਦਾ ਕਾਰਨ ਬਣ ਜਾਂਦੀ ਹੈ।

(੧੧) ਦੀਵਾਨ ਦੀ ਸਮਾਪਤੀ ਸਮੇਂ ਪਹਿਲਾਂ ਸੁਖ ਆਸਨ ਕਰਕੇ ਮਹਾਰਾਜ ਜੀ ਦੀ ਸਵਾਰੀ ਨੂੰ ਸੁਖ ਆਸਨ ਅਸਥਾਨ ਤੇ ਪਹੁੰਚਾਇਆ ਜਾਵੇ, ਫਿਰ ਸੰਗਤ ਆਪਣੇ ਆਪਣੇ ਘਰਾਂ ਜਾਂ ਕੰਮਾਂ ਕਾਜਾਂ ਨੂੰ ਜਾਏ। ਪਰ ਅਸੀਂ ਕੀ ਕਰਦੇ ਹਾਂ ਕਿ ਕਥਾ, ਕੀਰਤਨ ਤਾਂ ਸੁਣ ਲੈਂਦੇ ਹਾਂ ਪਰ ਫਿਰ ਕਾਹਲੀ ਕਰਕੇ, ਪ੍ਰਸ਼ਾਦ ਲੈ ਕੇ ਘਰ ਨੱਸਣ ਦੀ ਕਰਦੇ ਹਾਂ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ।

(੧੨) ਮਹਾਰਾਜ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਵਾਰੀ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਘੱਟੋ ਘੱਟੋ ਪੰਜ ਸਿੰਘ ਨਾਲ ਹੋਣੇ ਜ਼ਰੂਰੀ ਹਨ। ਕੋਸ਼ਿਸ਼ ਇਹ ਹੋਏ ਕਿ ਵੱਧ ਤੋਂ ਵੱਧ ਗਿਣਤੀ ਵਿਚ ਨਾਲ ਰਲਕੇ ਸ਼ਬਦ ਕੀਰਤਨ ਕੀਤਾ ਜਾਏ। ਰਸਤੇ ਨੂੰ ਪਹਿਲਾਂ ਹੀ ਸਾਫ ਕਰਾਇਆ ਜਾਵੇ ਤੇ ਪਾਣੀ ਦਾ ਛਿੜਕਾਊ ਖੁੱਲ੍ਹਾ ਹੋਣਾ ਚਾਹੀਦਾ ਹੈ।

(੧੩) ਮੰਜੀ ਸਾਹਿਬ ਦੇ ਪਾਵੇ ਦਬਾਉਣੇ, ਜਾਂ ਪਾਵਿਆਂ ਨਾਲ ਰੱਖੜੀਆਂ ਬੰਨ੍ਹਣੀਆਂ, ਨੱਕ ਰਗੜਨੇ, ਰੁਮਾਲਾ ਚੁੱਕ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਨਾ, ਸੱਭ ਮਨਮਤਿ ਹੈ ਕਿਉਂਕਿ ਅਸਲ ਸੇਵਾ ਤੇ ਠੀਕ ਦਰਸ਼ਨ, ਗੁਰਬਾਣੀ ਨੂੰ ਵੀਚਾਰ ਨਾਲ ਪੜ੍ਹਨਾ, ਸੁਣਨਾ ਤੇ ਮੰਨਣਾ ਹੈ।

ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਸਮੇਂ ਗੁਰਦੁਆਰਾ ਸਾਹਿਬ ਵਿਖੇ ਝਾੜੂ ਦੇਣਾ ਸ਼ੋਭਾ ਨਹੀਂ ਦਿੰਦਾ।

(੧੪) ਗੁਰੂ ਦਰਬਾਰ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਜਿੱਥੇ ਠਾਠੀ ਬੰਨ ਕੇ ਜਾਂ ਨੰਗੇ ਸਿਰ ਗੁਰਦੁਆਰੇ ਨਹੀਂ ਆਈਦਾ, ਉੱਥੇ ਜੁੱਤੀਆਂ ਦੇ ਮਿਟੀ ਘੱਟੇ ਨਾਲ ਲਿਬੜੀਆਂ ਜੁਰਾਬਾਂ ਸਮੇਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਹੁਕਮ ਲੈਣਾ ਬੇਅਦਬੀ ਸਮਝੀ ਜਾਂਦੀ ਹੈ। ਇਹੋ ਜਿਹੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

(੧੫) ਗੁਰਬਾਣੀ ਦੇ ਗੁਟਕੇ, ਪੋਥੀਆਂ ਜਾਂ ਉਹ ਕਾਗਜ਼ ਜਿਨ੍ਹਾਂ ਤੇ ਗੁਰਬਾਣੀ ਲਿਖੀ ਹੋਵੇ, ਮੰਦੀ ਥਾਂ ਤੇ ਨਹੀਂ ਸੁੱਟਣੇ ਚਾਹੀਦੇ। ਗੁਟਕਿਆਂ ਤੇ ਪੋਥੀਆਂ ਨੂੰ ਰੁਮਾਲਿਆਂ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ।

## ਹੁਕਮ ਲੈਣ ਦੀ ਮਰਯਾਦਾ

ਗੁਰੂ ਗਰੰਥ ਸਾਹਿਬ ਜੀ ਦਾ ਹੁਕਮ ਸਿੱਖ ਰਹਿਤ ਮਰਯਾਦਾ ਵਿੱਚ ਦੱਸੀ ਮਰਯਾਦਾ ਅਨੁਸਾਰ ਹੀ ਲੈਣਾ ਯੋਗ ਹੈ, ਜੋ ਇਸ ਪ੍ਰਕਾਰ ਹੈ -

''ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਉਂ ਪਹਿਲਾਂ ਸ਼ਬਦ ਜੋ ਜਾਰੀ ਹੈ, ਮੁਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਤੇ ਸ਼ਬਦ ਸਾਰਾ ਪੜ੍ਹੋ। ਜੇ 'ਵਾਰ' ਹੋਵੇ ਤਾਂ ਪਉੜੀ ਵੀ ਪੜ੍ਹਨੀ ਚਾਹੀਏ : 'ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਉਤੇ ਭੋਗ ਪਾਇਆ ਜਾਵੇ। ਜੇ ਭਗਤ ਬਾਣੀ ਵਿਚੋਂ ਹੁਕਮ ਆਵੇ ਤਾਂ ਸ਼ਬਦ ਦੇ ਅੰਤ ਵਿੱਚ ਜਿਥੇ 'ਭਗਤ' ਦਾ ਨਾਮ ਆ ਜਾਵੇ ਤਾਂ ਉਸ ਤੁਕ ਉਤੇ ਭੋਗ ਪਾਇਆ ਜਾਵੇ।''

ਕਈ ਅਨਜਾਣ ਸੱਜਣ ਇਹ ਕਹਿੰਦੇ ਸੁਣੇ ਹਨ ਕਿ ਸਵੇਰੇ ਹੁਕਮ ਉਪਰੋਂ ਲੈਣਾ ਚਾਹੀਦਾ ਹੈ, ਸ਼ਾਮ ਨੂੰ ਹੇਠੋਂ ਤੇ ਦੁਪਹਿਰ ਨੂੰ ਵਿਚਕਾਰੋਂ, ਜੋ ਨਿਰੋਲ ਮਨਮਤਿ ਹੈ।

ਕਈ ਵਾਰ ਜਦੋਂ 'ਮਹਲਾ ੯ ਦੀ ਬਾਣੀ ਦਾ ਜਾਂ ਹੋਰ ਕੋਈ ਵੈਰਾਗਮਈ ਵਾਕ' ਆਵੇ ਤਾਂ ਕਈ ਪਾਠੀ ਤੇ ਪ੍ਰੇਮੀ ਇਹ ਆਖਦੇ ਹਨ, 'ਜੀ! ਅੱਜ ਤਾਂ ਗੁਰੂ ਸਾਹਿਬ ਦਾ ਵਾਕ ਬੜਾ ਕਰੜਾ ਆਇਆ ਹੈ। ਕਈ ਸੰਤਾਂ ਨੇ ਆਪਣੇ ਸਿੱਖਾਂ ਨੂੰ ਇਹ ਵੀ ਸਿੱਖਿਆ ਦਿਤੀ ਹੋਈ ਹੈ ਕਿ ਜਦੋਂ ਕੋਈ ਅਜਿਹਾ ਕਰੜਾ ਹੁਕਮ ਆਵੇ ਤਾਂ ਉਹ ਗੁਰੂ ਸਾਹਿਬ ਨੂੰ ਵਾਪਸ ਕਰ ਦਿਆ ਕਰਨ ਤੇ ਅਰਦਾਸ ਕਰਕੇ ਹੋਰ ਹੁਕਮ ਲੈ ਲਿਆ ਕਰਨ। ਇਸ ਤਰ੍ਹਾਂ ਦੀ ਸੋਚ ਰੱਖਣੀ ਨਿਰੋਲ ਮਨਮਤਿ ਤੇ ਮੂਰਖਤਾ ਭਰੀ ਅਗਿਆਨਤਾ ਹੀ ਕਹੀ ਜਾ ਸਕਦੀ ਹੈ। ਅਜੇਹੇ ਪਖੰਡੀਆਂ ਨੂੰ ਗੁਰਬਾਣੀ ਦੀ ਹੇਠ ਲਿਖੀ ਤੁਕ ਤੋਂ ਸੇਧ ਲੈ ਕੇ ਬਾਣੀ ਦੇ ਹੁਕਮਾਂ ਨੂੰ ਚੰਗਾ ਜਾਂ ਮਾੜਾ, ਕਰੜਾ ਜਾਂ ਨਰਮ ਕਹਿਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ -

*ਮਿਠ ਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ, ਓਹੁ ਕਦੇ ਨ ਬੋਲੈ ਕਉਰਾ॥*
*ਅੰਗ - ੭੮੪*

## ਗੁਰੂ ਗਰੰਥ ਸਾਹਿਬ ਦਾ ਪੂਰਨ ਸਤਿਕਾਰ ਕੀ ਹੈ?

ਗੁਰੂ ਸਾਹਿਬ ਜੀ ਮਹਾਰਾਜ ਵਾਸਤੇ ਕੀਮਤੀ ਤੋਂ ਕੀਮਤੀ ਰੁਮਾਲੇ ਚੜ੍ਹਾ ਦੇਣੇ ਸਤਿਕਾਰ ਦਾ ਇਕ ਹਿੱਸਾ ਹੈ, ਪਰ ਪੂਰਨ ਸਤਿਕਾਰ ਨਹੀਂ, ਜਿਸ ਤਰ੍ਹਾਂ ਇਕ ਉਂਗਲ ਸਰੀਰ ਦਾ ਇਕ ਹਿੱਸਾ ਹੈ, ਪਰ ਪੂਰਨ ਸਰੀਰ ਨਹੀਂ। ਗੁਰੂ ਗਰੰਥ ਸਾਹਿਬ ਦੇ ਮਾਇਆ ਅਰਪਣ ਕਰ ਦੇਣੀ ਸਤਿਕਾਰ ਦਾ ਇਕ ਹਿੱਸਾ ਹੈ ਪਰ ਪੂਰਨ ਸਤਿਕਾਰ ਨਹੀਂ। ਗੁਰੂ ਗਰੰਥ ਸਾਹਿਬ ਜੀ ਨੂੰ ਚੌਰ ਕਰਨਾ ਸਤਿਕਾਰ ਦਾ ਇਕ ਹਿੱਸਾ ਹੈ, ਪਰੰਤੂ ਪੂਰਨ ਸਤਿਕਾਰ ਨਹੀਂ। ਚੰਦੋਆ ਤਾਣ ਦੇਣਾ, ਕੀਮਤੀ ਸਾਮਾਨ ਅਰਪਨ ਕਰ ਦੇਣਾ, ਆਲੀਸ਼ਾਨ ਕਮਰੇ ਬਣਵਾ ਦੇਣਾ, ਸੋਨੇ ਚਾਂਦੀ ਦੀਆਂ ਪਾਲਕੀਆਂ ਵਿਚ ਪ੍ਰਕਾਸ਼ ਕਰ ਦੇਣਾ, ਬਾਹਰਮੁਖੀ ਸਤਿਕਾਰ ਦਾ ਇਕ ਅੰਗ ਤਾਂ ਜ਼ਰੂਰ ਹੈ ਪਰ ਪੂਰਨ ਸਤਿਕਾਰ ਕੱਤਈ ਨਹੀਂ। ਗੁਰੂ ਗਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕੀ ਹੈ? ਪੂਰਨ ਸਤਿਕਾਰ ਹੈ ਗੁਰੂ ਗਰੰਥ ਸਾਹਿਬ ਜੀ ਦੀ ਗੱਲ ਨੂੰ ਮੰਨ ਲੈਣਾ, ਹੁਕਮ ਨੂੰ ਮੰਨ ਲੈਣਾ।

*ਸੇਵਕ ਸਿਖ ਪੂਜਣ ਸਭਿ ਆਵਹਿ,*
*ਸਭ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਅੰਗ - ੬੬੯*

ਅੱਜ ਦਾ ਸਿੱਖ ਕਹਿੰਦਾ ਹੈ ਕਿ 'ਗੁਰੂ ਜੀ! ਮੈਂ ਤੁਹਾਡੇ ਅੱਗੇ ਪੈਸੇ ਤਾਂ ਮੱਥਾ ਟੇਕ ਸਕਦਾ ਹੈ ਪਰ ਤੁਹਾਡਾ ਹੁਕਮ ਨਹੀਂ ਮੰਨ ਸਕਦਾ। ਕੀਮਤੀ ਤੋਂ ਕੀਮਤੀ ਰੁਮਾਲਾ ਚੜ੍ਹਾ ਸਕਦਾ ਹਾਂ, ਕੜਾਹ ਪ੍ਰਸ਼ਾਦ ਦੀ ਦੇਗ ਅਰਪਨ ਕਰ ਸਕਦਾ ਹਾਂ, ਵਧੀਆ ਚੰਦੋਏ ਹੇਠ ਸੁਨਹਿਰੀ ਪਾਲਕੀਆਂ ਵਿਚ ਪ੍ਰਕਾਸ਼ ਕਰ ਸਕਦਾ ਹਾਂ, ਪਰ ਤੁਹਾਡੀ ਗੱਲ ਨਹੀਂ ਮੰਨ ਸਕਦਾ। ਮੈਂ ਤੁਹਾਨੂੰ ਹੋਰ ਸਭ ਕੁਝ ਅਰਪਨ ਕਰ ਸਕਦਾ ਹਾਂ, ਪਰ ਆਪਣਾ ਮਨ, ਆਪਣੀ ਮੱਤ ਤੁਹਾਡੇ ਅਰਪਨ ਨਹੀਂ ਕਰ ਸਕਦਾ।

ਉਪਰੋਕਤ ਵਿਚਾਰ ਤੋਂ ਸਾਡਾ ਭਾਵ ਇਹ ਹੈ ਕਿ ਜਿੱਥੇ ਅਸੀਂ ਵਧੀਆ ਬਸਤਰ, ਕੀਮਤੀ ਰੁਮਾਲੇ, ਆਲੀਸ਼ਾਨ ਪਾਲਕੀਆਂ ਵਿੱਚ, ਵਧੀਆ ਚੰਦੋਏ ਹੇਠ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੀਏ, ਉੱਥੇ ਗੁਰੂ-ਹੁਕਮਾਂ ਨੂੰ ਮੰਨ ਕੇ ਜੀਵਨ ਵਿਚ ਧਾਰਨ ਕਰਕੇ, ਗੁਰੂ ਗਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕਰਨ ਦੇ ਪਾਤਰ ਬਣੀਏ।

## ਅਸੀਂ ਗੁਰਬਾਣੀ ਤੋਂ ਫਾਇਦਾ ਕਿਵੇਂ ਉਠਾਈਏ?

ਸਾਡੇ ਵੱਡੇ ਭਾਗ ਹਨ ਕਿ ਸਾਡੇ ਪਾਸ ਗੁਰੂ ਗਰੰਥ ਸਾਹਿਬ ਜੀ, ਜੋ ਭਗਤੀ ਦਾ ਭੰਡਾਰ ਹਨ, ਜਿਹਨਾਂ ਵਿੱਚ ਅਨਮੋਲ ਰਤਨ, ਕੀਮਤੀ ਲਾਲ ਜਿਹਨਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ, ਅਜਿਹੇ ਸਿਖਿਆਦਾਇਕ ਅਮੋਲਕ ਬਚਨ ਹਨ ਪਰ ਅਸੀਂ ਇਤਨੇ ਆਲਸੀ ਤੇ ਮੰਦ ਭਾਗੇ ਹਾਂ ਕਿ ਅਸੀਂ ਗੁਰਬਾਣੀ ਦੇ ਇਹਨਾਂ ਮਨੋਹਰ ਬਚਨਾਂ ਦਾ ਪੂਰਾ ਪੂਰਾ ਫਾਇਦਾ ਨਹੀਂ ਉਠਾ ਰਹੇ। ਵਿਰਲੇ ਵਿਰਲੇ ਮੱਨੁਖ ਹਨ, ਜਿਹਨਾਂ ਨੇ ਗੁਰੂ ਗਰੰਥ ਸਾਹਿਬ ਜੀ ਦੇ ਪੂਰਨ ਸਰੂਪ ਦਾ ਠੀਕ ਢੰਗ ਨਾਲ ਦੀਦਾਰ ਕੀਤਾ ਹੋਵੇ। ਬਹੁਤੇ ਪ੍ਰਾਣੀ ਤਾਂ ਆਪਣੀ ਸਾਰੀ ਆਯੂ ਭੋਗ ਕੇ, ਬਿਨਾਂ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕੀਤੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਹਰ ਸਿੱਖ ਵਾਸਤੇ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨਾ, ਜ਼ਰੂਰੀ ਕੰਮ ਹੈ ਪਰ ਅਸੀਂ ਇਸ ਵੱਲ ਕਦੇ ਧਿਆਨ ਹੀ ਨਹੀਂ ਦਿਤਾ। ਇਹੀ ਕਾਰਨ ਹੈ ਕਿ ਅਸੀਂ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਆਪਣੀਆਂ ਪੁੱਛਾਂ ਲਈ ਭਟਕਦੇ ਫਿਰਦੇ ਹਾਂ। ਨਾਮ ਕਿਵੇਂ ਜਪਣਾ ਹੈ? ਮਨ ਕਾਬੂ ਨਹੀਂ ਆਉਂਦਾ, ਟਿਕਾਉ ਕਿਵੇਂ ਹੋਵੇ ਆਦਿ? ਇਹਨਾਂ ਸਭਨਾਂ ਸੁਆਲਾਂ ਦਾ ਹੱਲ ਗੁਰੂ ਗਰੰਥ ਸਾਹਿਬ ਜੀ ਵਿੱਚ ਹੈ। ਕਲਗੀਧਰ ਪਾਤਸ਼ਾਹ ਜੀ ਕਹਿੰਦੇ ਹਨ, ਜੇ ਮੇਰੇ ਨਾਲ ਗੱਲਾਂ ਕਰਨੀਆਂ ਹੋਣ ਤਾਂ ਗੁਰੂ ਗਰੰਥ ਸਾਹਿਬ ਦਾ ਪਾਠ ਕਰੋ,

ਮੇਰੇ ਨਾਲ ਗੱਲਾਂ ਹੋਣਗੀਆਂ ਪਰ ਅਸੀਂ ਆਪਣੇ ਰੁਝੇਵੇਂ ਇਤਨੇ ਵਧਾ ਲਏ ਹਨ ਕਿ ਸਾਡੇ ਪਾਸ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨ ਲਈ ਸਮਾਂ ਹੀ ਨਹੀਂ।

ਬਹੁਤੇ ਸਿੱਖ ਤਾਂ ਇਹੀ ਸਮਝਦੇ ਹਨ ਕਿ ਪਾਠ ਕਰਨਾ ਜਾਂ ਹੁਕਮ ਲੈਣਾ ਗੁਰਦੁਆਰਾ ਸਾਹਿਬ ਦੇ ਗਰੰਥੀ ਸਿੰਘ ਦਾ ਹੀ ਕੰਮ ਹੈ। ਇਹ ਸਾਡੇ ਵਾਸਤੇ ਕਿੰਨੀ ਸ਼ਰਮ ਦੀ ਗੱਲ ਹੈ ਕਿ ਸਾਡੇ ਵਿੱਚੋਂ ਬਹੁਤੀ ਗਿਣਤੀ ਗੁਰੂ ਗਰੰਥ ਸਾਹਿਬ ਤੋਂ ਵਾਕ ਵੀ ਨਹੀਂ ਲੈ ਸਕਦੀ। ਕੀ ਹਰ ਸਿੱਖ ਦਾ ਇਹ ਫਰਜ਼ ਨਹੀਂ ਕਿ ਉਹ ਆਪ ਗੁਰੂ ਗਰੰਥ ਸਾਹਿਬ ਦਾ ਪਾਠ ਕਰੇ ਤੇ ਆਪਣੇ ਬੱਚਿਆਂ ਨੂੰ ਵੀ ਸਿਖਾਵੇ?

## ਸਾਨੂੰ ਕੀ ਕਰਨਾ ਚਾਹੀਦਾ ਹੈ?

ਹਰ ਸਿੱਖ ਦਾ ਇਹ ਨਿੱਤ ਕ੍ਰਮ ਹੋਵੇ ਕਿ ਉਹ ਸਵੇਰੇ ਘੱਟੋ ਘੱਟ ਗੁਰੂ ਗਰੰਥ ਸਾਹਿਬ ਤੋਂ ਵਾਕ ਜ਼ਰੂਰ ਲਵੇ। ਚੰਗਾ ਤਾਂ ਇਹ ਹੈ ਕਿ ਹਰ ਸਿੱਖ ਆਪਣਾ ਸਹਿਜ ਪਾਠ ਜਾਰੀ ਰੱਖੇ ਅਤੇ ਜਿੰਨੇ ਸਮੇਂ ਵਿਚ ਹੋ ਸਕੇ, ਭੋਗ ਪਾਵੇ। ਅਖੰਡ ਪਾਠ ਦੀ ਥਾਂ ਸਹਿਜ ਪਾਠ ਰੱਖੇ ਜਾਣ, ਜੋ ਪਰਿਵਾਰ ਦੇ ਸਾਰੇ ਮੈਂਬਰ ਰਲ ਕੇ ਆਪ ਕਰਨ।

## ਗੁਰਬਾਣੀ ਦਾ ਸ਼ੁੱਧ ਪਾਠ ਸਿੱਖਿਆ ਜਾਵੇ

ਸ਼ੁੱਧ ਪਾਠ ਕਰਨਾ ਪਹਿਲੀ ਪਉੜੀ ਹੈ। ਸ਼ੁੱਧ ਪਾਠ ਕਰਨ ਨਾਲ ਅਰਥਾਂ ਦੀ ਸੋਝੀ ਆਉਂਦੀ ਹੈ। ਗੁਰਬਾਣੀ ਦੇ ਅਰਥਾਂ ਨੂੰ ਸਮਝਣ ਨਾਲ ਗੁਰਬਾਣੀ ਵਿਚ ਮਨ ਵਧੇਰੇ ਜੁੜਦਾ ਹੈ ਤੇ ਲਾਭ ਵੀ ਵਧੇਰੇ ਹੁੰਦਾ ਹੈ। ਤੀਸਰੇ ਨੰਬਰ ਤੇ ਹੈ ਗੁਰਬਾਣੀ ਦੇ ਉਪਦੇਸ਼ਾਂ ਦੀ ਵੀਚਾਰ ਕਰ ਕੇ ਉਹਨਾਂ ਨੂੰ ਅਮਲ ਵਿਚ ਲਿਆਉਣਾ ਭਾਵ ਬਾਣੀ ਦੀ ਕਮਾਈ ਕਰਨੀ। ਜੇ ਨਿਰਾ ਪਾਠ ਹੀ ਕੀਤਾ ਜਾਵੇ, ਅਰਥ ਬੋਧ ਨਾਂ ਹੋਵੇ, ਉਪਦੇਸ਼ਾਂ ਨੂੰ ਜੀਵਨ ਵਿਚ ਨਾ ਵਸਾਇਆ ਜਾਏ ਤਾਂ ਨਿਰਾ ਪਾਠ ਫੋਕਟ ਕਰਮ ਕਾਂਡ ਬਣ ਜਾਂਦਾ ਹੈ। ਇਹੀ ਕਾਰਨ ਹੈ ਕਿ ਸਾਡੇ ਅਖੰਡ ਪਾਠ ਰਸਮੀ ਜਿਹੇ ਬਣ ਕੇ ਰਹਿ ਗਏ ਹਨ। ਭਾਈ ਗੁਰਦਾਸ ਜੀ ਇਸ ਵੀਚਾਰ ਨੂੰ ਆਪਣੇ ਕਬਿੱਤ ਵਿਚ ਇਉਂ ਸਪਸ਼ਟ ਕਰਦੇ ਹਨ -

***ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦੁ ਮੀਠੋ ਆਵੈ,***
***ਅਗਨਿ ਅਗਨਿ ਕਹੈ, ਸੀਤ ਨ ਬਿਨਾਸ ਹੈ।***
***ਬੈਦ ਬੈਦ ਕਹੇ, ਰੋਗ ਮਿਟਤ ਨ ਕਾਹੂ ਕੋ,***
***ਦਰਬ ਦਰਬ ਕਹੈ, ਕੋਊ ਦਰਬਹਿ ਨ ਬਿਲਾਸ ਹੈ।***
***ਚੰਦਨ ਚੰਦਨ ਕਹਤ, ਪ੍ਰਗਟੈ ਨ ਸੁਬਾਸੁ ਬਾਸੁ,***
***ਚੰਦ੍ਰ ਚੰਦ੍ਰ ਕਹੈ, ਉਜੀਆਰੋ ਨ ਪ੍ਰਗਾਸ ਹੈ।***
***ਤੈਸੇ ਗਿਆਨ ਗੋਸਟਿ, ਕਹਤ ਨ ਰਹਤ ਪਾਵੈ,***
***ਕਰਨੀ ਪ੍ਰਧਾਨ, ਭਾਨ ਉਦਤਿ ਆਕਾਸ ਹੈ।***

ਗੁਰਬਾਣੀ ਨੂੰ ਸ਼ੁਧ ਪੜ੍ਹਨ, ਅਰਥਾਂ ਤੋਂ ਜਾਣੂ ਹੋਣ ਤੇ ਵੀਚਾਰਾਂ ਨੂੰ ਅਮਲ ਵਿਚ ਲਿਆਉਣ ਲਈ ਕਠਨ ਸਾਧਨਾ ਦੀ ਲੋੜ ਹੈ। ਜੇਕਰ ਸਤਿਕਾਰ ਨਾਲ, ਪਿਆਰ ਨਾਲ ਸ਼ਰਧਾ ਨਾਲ, ਗੁਰਬਾਣੀ ਦਾ ਪਾਠ ਗਾ ਕੇ, ਰਸ ਲੈ ਕੇ ਕੀਤਾ ਜਾਏ ਤਾਂ ਅਰਥਾਂ ਦਾ ਕਾਫੀ ਬੋਧ ਹੋ ਜਾਣਾ ਕੁਦਰਤੀ ਗੱਲ ਹੈ। ਗੁਰੂ ਗਰੰਥ ਸਾਹਿਬ ਜੀ ਦੇ ਸਿੱਖ ਹੋਣ ਨਾਤੇ ਆਓ! ਅਸੀਂ ਪ੍ਰਣ ਕਰੀਏ ਕਿ ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਗੁਰਬਾਣੀ ਪੜ੍ਹਣ, ਸੁਨਣ ਵੱਲ ਪ੍ਰੇਰਿਤ ਕਰਾਂਗੇ, ਗੁਰਬਾਣੀ ਦੇ ਅਰਥਾਂ ਨੂੰ ਸਮਝਾਂਗੇ ਤੇ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਾਂਗੇ।

*(ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ)*

---

***(ਪੰਨਾ 19 ਦੀ ਬਾਕੀ)***

ਦੀ ਗਦਾਰੀ ਕਰਨ ਵਾਲੇ ਮੁੱਢ ਤੋਂ ਹੀ ਚਲੇ ਆ ਰਹੇ ਹਨ ਪਰ ਜਦੋਂ ਖਾਲਸੇ ਦਾ ਦਾਅ ਲੱਗਾ ਉਨ੍ਹਾਂ ਨੂੰ ਡੰਨ ਮਿਲਦੇ ਰਹੇ। ਹਮੇਸ਼ਾ ਹੀ ਪੰਥ ਦੇ ਵਿਰੋਧੀ ਜ਼ਿਆਦਾ ਹੀ ਗਿਣਤੀ ਵਿਚ ਹੁੰਦੇ ਹਨ, ਕਿਉਂਕਿ ਸਿੱਖ ਧਰਮ ਇਕ ਨਵੀਨ ਧਰਮ ਹੈ ਅਤੇ ਬਾਕੀ ਸਭ ਧਰਮਾਂ ਨਾਲੋਂ ਵਿਲੱਖਣ ਹੈ। ਇਹ ਕਿਸੇ ਦੀ ਵੀ ਈਨ ਨਹੀਂ ਮੰਨਦਾ।

ਖਾਲਸਾ ਜੀ ਨੂੰ ਗੁਰੂ ਵਲੋਂ ਬਖ਼ਸ਼ਿਆ ਹੋਇਆ ਤਪ-ਤੇਜ, ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਖਾਲਸਾ ਨਿਆਰਾ ਹੋ ਕੇ ਵਿਚਰੇ। ਪੰਥਕ ਆਗੂਆਂ ਅਗੇ ਬੇਨਤੀ ਹੈ ਕਿ ਉਹ ਕਿਸੇ ਦੂਸਰੀ ਕੌਮ ਦੀ ਦੁਬੇਲਤਾ ਨੂੰ ਨਾ ਕਬੂਲਣ, ਸਗੋਂ ਗੁਰੂ-ਹੁਕਮਾਂ ਦੀ ਪਾਲਣਾ ਕਰਨ ਅਤੇ ਪੰਥ ਵਿਚ ਫੁੱਟ ਦੀ ਥਾਂ ਪ੍ਰੇਮ-ਪਿਆਰ ਤੇ ਮੇਲ-ਮਿਲਾਪ ਦਾ ਵਾਤਾਵਰਨ ਪੈਦਾ ਕਰਨ। ਅਗਰ ਐਸਾ ਨਾ ਹੋਇਆ ਤਾਂ ਸਾਡੇ ਧਰਮ ਉਤੇ ਹਿੰਦੂ ਧਰਮ ਐਸੀ ਹਕੂਮਤ ਕਰੇਗਾ ਜੋ ਗ਼ੈਰਾਂ ਨਾਲੋਂ ਵਧ ਮੁਸੀਬਤ ਦਾ ਕਾਰਨ ਹੋਵੇਗੀ, ਇਸ ਕਰਕੇ ਅਸੀਂ ਬਿਨਾਂ ਕਿਸੇ ਲਾਲਚ ਦੇ ਸਾਰੀ ਸਿੱਖ ਸੰਗਤ ਅੰਦਰ ਢੰਢੋਰਾ ਦਈਏ ਕਿ 'ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।' ਇਹ ਤਾਂ ਹੀ ਕਹਿ ਸਕਦੇ ਹਾਂ ਜੇ ਸਾਡਾ ਸਿਮਰਨ ਅਭਿਆਸ ਹੋਵੇ। ਸਿਮਰਨ ਇਕ ਐਸੀ ਸ਼ਕਤੀ ਹੈ ਜਿਸ ਸਾਹਮਣੇ ਦੁਨੀਆ ਦੀ ਕੋਈ ਤਾਕਤ ਅੜ ਨਹੀਂ ਸਕਦੀ। ਜੇ ਦਸ ਲਖ ਨਾਲ ੪੦ ਸਿੰਘ ਮੁਕਾਬਲਾ ਕਰ ਸਕਦੇ ਹਨ ਅਤੇ ਉਨ੍ਹਾਂ ਅੱਗੇ ਹਥਿਆਰ ਨਹੀਂ ਸੁੱਟ ਸਕਦੇ ਤਾਂ ਕੀ ਸਾਡੇ ਵਿਚ ਉਹ ਸ਼ਕਤੀ ਨਹੀਂ ਆ ਸਕਦੀ। ਉਨ੍ਹਾਂ ਨੂੰ ਗੁਰੂ ਉਤੇ ਪੂਰਨ ਭਰੋਸਾ ਸੀ। ਸੋ ਖਾਲਸਾ ਜੀ ਅੰਮ੍ਰਿਤ ਛਕੋ ਤੇ ਨਾਮ ਜਪੋ।

# ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

*[ਭਾਈ ਜਸਬੀਰ ਸਿੰਘ ਖਾਲਸਾ (ਵੇਰਕਾ)]*

ਜੁਗੋ ਜੁਗ ਅਟੱਲ ਚਵਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਸਦੀਵੀ ਗੁਰੂ ਹਨ। ਸੰਸਾਰ ਦੇ ਹੋਰਨਾਂ ਧਰਮਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਵਿਚ, ਉਹਨਾਂ ਦੇ ਪੀਰਾਂ, ਪੈਗ਼ੰਬਰਾਂ, ਰਿਸ਼ੀਆਂ, ਮੁਨੀਆਂ ਗੁਰੂਆਂ ਤੇ ਅਵਤਾਰਾਂ ਨੂੰ ਉਹਨਾਂ ਦੇ ਧਰਮ-ਗ੍ਰੰਥਾਂ ਨਾਲੋਂ ਵੱਖ ਮੰਨਿਆ ਜਾਂਦਾ ਹੈ। ਮੁਸਲਮਾਨਾਂ ਲਈ 'ਕੁਰਾਨ' ਹੋਰ ਹੈ ਅਤੇ ਹਜ਼ਰਤ ਮੁਹੰਮਦ ਸਾਹਿਬ ਹੋਰ। ਈਸਾਈਆਂ ਵਿਚ 'ਬਾਈਬਲ' ਹੋਰ ਹੈ ਅਤੇ ਹਜ਼ਰਤ ਈਸਾ ਹੋਰ। ਕੁਝ ਇਉਂ ਹੀ ਜਦੋਂ ਹਿੰਦੂ ਧਰਮ ਨੂੰ ਗੰਭੀਰਤਾ ਨਾਲ ਘੋਖੀਦਾ ਹੈ ਤਾਂ ਪਤਾ ਚਲਦਾ ਹੈ ਕਿ ਉਹਨਾਂ ਦੇ ਵੇਦ ਆਦਿ ਧਰਮ ਗ੍ਰੰਥ ਉਹਨਾਂ ਦੇ ਰਿਸ਼ੀਆਂ-ਮੁਨੀਆਂ ਨਾਲੋਂ ਵੱਖ ਹਨ। ਬੁੱਧਾਂ ਤੇ ਜੈਨੀਆਂ ਚੋਂ ਧਰਮ ਗ੍ਰੰਥ ਵੀ ਉਨ੍ਹਾਂ ਦੇ ਮਹਾਂ ਪੁਰਸ਼ਾਂ ਨਾਲੋਂ ਭਿੰਨਤਾ ਰੱਖਦੇ ਹਨ। ਪਰ ਸਿੱਖ ਧਰਮ ਨੂੰ ਇਹ ਮਾਣ ਹਾਸਲ ਹੈ ਕਿ ਸਰਬ ਸਾਂਝਾ ਧਰਮ ਗ੍ਰੰਥ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਤਿਗੁਰੂ ਪੂਰਨ ਤੌਰ 'ਤੇ ਇਕ-ਮਿੱਕ ਅਥਵਾ ਇੱਕੋ ਹੀ ਜੋਤਿ ਹਨ। ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਦਰਜ ਹੈ -

*ਦੋਹਰਾ - ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ ਚਿਤ ਲਾਇ॥*
*ਨਿਰਗੁਣ ਸਰਗੁਣ ਗੁਰ ਸ਼ਬਦ ਕਹਉ ਤੋਹਿ ਸਮਝਾਇ॥*
*ਅਥਵਾ - ਮੇਰਾ ਦੂਸਰ ਰੂਪ ਗ੍ਰੰਥ ਜੀ ਜਾਨ॥*
*ਉਨ ਕੋ ਅੰਗ ਮੇਰੇ ਕਰ ਮਾਨ॥*
*ਮੇਰਾ ਰੂਪ ਗ੍ਰੰਥ ਜੀ ਜਾਨ॥*
*ਇਨ ਮੇਂ ਭੇਦ ਨਹੀਂ ਕਿਛੁ ਮਾਨ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਪਾਸੋਂ ਤਿਆਰ ਕਰਵਾ ਕੇ ੧੬੬੧ ਬਿਕਰਮੀ ਭਾਦੋਂ ਸੁਦੀ ਏਕਮ ਵਾਲੇ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਕਰਵਾਇਆ।

ਨਵੀਨ ਖੋਜ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਰਤਮਾਨ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਤਿਆਰ ਕਰਵਾਇਆ ਸੀ। ਇਸ ਤਰ੍ਹਾਂ ਜਦੋਂ ਸੰਨ ੧੭੦੮ ਈ: ਨੂੰ ਨੰਦੇੜ (ਦੱਖਣ) ਵਿਚ ਦਸਮੇਸ਼ ਪਿਤਾ ਜੀ ਦਾ ਬ੍ਰਹਮ ਵਿਚ ਸਦਾ ਲਈ ਅਭੇਦ ਹੋਣ ਦਾ ਸਮਾਂ ਆਇਆ ਤਾਂ ਗੁਰਦੇਵ ਜੀ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਸਦਾ-ਸਦਾ ਲਈ ਖ਼ਤਮ ਕਰ ਦਿੱਤਾ ਅਤੇ ਅੱਗੇ ਤੋਂ ਸਿੱਖਾਂ ਨੂੰ ਆਪਣੇ ਇਲਾਹੀ ਹੁਕਮ ਤੇ ਅਰਸ਼ੀ ਮਿੱਠੜੇ ਬੋਲਾਂ ਰਾਹੀਂ ਤਾਕੀਦ ਕੀਤੀ ਕਿ ਸਮੂਹ ਸਿੱਖ ਸੰਗਤਾਂ ਹੁਣ ਉਹਨਾਂ ਦੀ ਥਾਂ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਅਤੇ ਆਪਨੇ ਜੁਗੋ ਜੁਗ ਅਟੱਲ ਤਖ਼ਤ ਚਵਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਅੱਗੇ ਮਸਤਕ ਝੁਕਾ ਦਿੱਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਦਾ-ਸਦਾ ਲਈ ਸਿੱਖਾਂ ਨੂੰ 'ਗੁਰੂ', ਹੋਣਾ ਨਿਸ਼ਚੇ ਕਰਵਾਇਆ।

ਇਹ ਇਕ ਪ੍ਰਮਾਣੀਕ ਇਤਿਹਾਸਕ ਵਾਕਿਆ ਹੈ, ਜਿਸਦੀ ਪੁਸ਼ਟੀ ਸਮਕਾਲੀ ਲਿਖਤਾਂ ਦੇ ਲੇਖਕਾਂ ਨੇ ਰੱਜ ਕੇ ਕੀਤੀ ਹੈ। ਭਾਈ ਨੰਦ ਲਾਲ ਜੀ, ਭਾਈ ਪ੍ਰਹਿਲਾਦ ਸਿੰਘ ਅਤੇ ਭਾਈ ਚੌਪਾ ਸਿੰਘ ਦੇ ਰਹਿਤਨਾਮਿਆਂ ਅਤੇ ਭਾਈ ਸੰਤ ਸਿੰਘ, ਭਾਈ ਕੋਇਰ ਸਿੰਘ ਤੇ ਗਿਆਨੀ ਗਿਆਨ ਸਿੰਘ ਆਦਿ ਦੇ ਗ੍ਰੰਥਾਂ ਵਿਚ ਇਸ ਦੇ ਸਬੂਤ ਮਿਲਦੇ ਹਨ।

ਦੀਵਾਨਾਂ ਵਿਚ ਨਿਤ ਗੁਰਸਿੱਖ ਅਰਦਾਸ ਉਪਰੰਤ ਇਹ ਦੋਹਰੇ ਪੜ੍ਹਦੇ ਹਨ -

*ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ॥*
*ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।*
*ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥*
*ਜੋ ਪ੍ਰਭ ਕੋ ਮਿਲਬੋ ਚਹੇ, ਖੋਜ ਸ਼ਬਦ ਮੇਂ ਲੇਹ॥*

ਪ੍ਰਸਿੱਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਇਕ

ਥਾਂ ਲਿਖਦੇ ਹਨ ਕਿ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ ਅੱਠ ਸਾਲ ਸੱਤ ਮਹੀਨੇ ਅੰਦਰ ਮਈ ੧੭੧੭ ਈ: ਨੂੰ ਕਵੀ ਸੋਹਣ ਸਿੰਘ ਨੇ ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਸ਼ੁਰੂ ਕੀਤਾ ਸੀ ਅਤੇ ਅਗਲੇ ਸਾਲ ੧੭੧੮ ਨੂੰ ਸਮਾਪਤ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ, ਆਪਣੇ ਵੱਲੋਂ ਮਾਨਤਾ ਅਤੇ ਗੁਰਿਆਈ ਮੰਨੀ ਜਾਂਦੀ ਹੋਣ ਸੰਬੰਧੀ ਚੌਥੇ ਅਧਿਆਇ ਵਿਚ ਕਵੀ ਸੋਹਨ ਸਿੰਘ ਜੀ ਲਿਖਦਾ ਹੈ -

*ਮਮ ਆਗਿਆ ਸਬ ਹੀ ਸੁਨੋ ਸਤਿ ਬਾਤ ਨਿਰਧਾਰਾ॥*
*ਗ੍ਰੰਥ ਗੁਰੂ ਸਮੇਂ ਮਾਨਿਓ ਭੇਦ ਨਾ ਕੋਊ ਬਚਾਰਾ॥*
*ਅੰਗ - ੪੦੯*

*ਗੁਰੂ ਗ੍ਰੰਥ ਕਲਯੁਗ ਭਯੋ ਸ੍ਰੀ ਗੁਰੂ ਰੂਪ ਸਮਾਨ॥*
*ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ॥*
*ਅੰਗ - ੪੧੨*

*ਗੁਰੂ ਦਰਸ ਜਿਸ ਦੇਖਣਾ ਸ੍ਰੀ ਗ੍ਰੰਥ ਦਰਸਾਇ॥*
*ਬਾਤ ਕਰਨਿ ਗੁਰੂ ਸੋ ਚਹੇ ਪੜ੍ਹੇ ਗ੍ਰੰਥ ਮਨ ਲਾਇ॥*
*ਅੰਗ - ੪੧੩*

ਉਪਰੋਕਤ ਇਤਿਹਾਸਕਾਰਾਂ ਤੋਂ ਇਲਾਵਾ ਜੌਨ ਮੈਲਕਮ, ਵਿਲੀਅਮ ਅੰਗਬਰਨ, ਕਨਿੰਘਮ, ਮੈਕਾਲਿਫ਼ ਆਦਿ ਸਭ ਅੰਗਰੇਜ਼ ਇਤਿਹਾਸਕਾਰਾਂ ਨੇ ਵੀ ਇਸ ਗੱਲ ਦੀ ਗਵਾਹੀ ਭਰੀ ਹੈ ਕਿ ਗੁਰੂ ਦਸਮ ਪਾਤਸ਼ਾਹ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਹੀ ਗੁਰਿਆਈ ਬਖਸ਼ੀ ਹੈ, ਕਿਸੇ ਮਨੁੱਖ ਨੂੰ ਗੁਰੂ ਨਹੀਂ ਮਿਥਿਆ।

'ਸ਼ਬਦ ਗੁਰੂ' ਦਾ ਸਿਧਾਂਤ ਤਾਂ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਹੀ ਦ੍ਰਿੜ੍ਹ ਕਰਵਾਇਆ ਜਾ ਰਿਹਾ ਸੀ। ਇਸ ਗੱਲ ਦੀ ਪੁਸ਼ਟੀ 'ਸਿੱਧ ਗੋਸਟਿ' ਬਾਣੀ ਵਿਚੋਂ ਹੋ ਜਾਂਦੀ ਹੈ -

ਪ੍ਰਸ਼ਨ -

*ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥੪੩॥*
*ਅੰਗ - ੯੪੨*

ਉੱਤਰ -

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥੪੪॥ ਅੰਗ - ੯੩੩*

ਗੁਰਬਾਣੀ ਦੇ ਹੇਠ ਲਿਖੇ ਫੁਰਮਾਨ ਵੀ ਵਾਚਣ ਯੋਗ ਹਨ -

*ਸਬਦੁ ਗੁਰ ਪੀਰਾ, ਗਹਿਰ ਗੰਭੀਰਾ,*
*ਬਿਨੁ ਸਬਦੈ ਜਗੁ ਬਉਰਾਨੰ॥੮॥੧॥ ਅੰਗ - ੬੩੫*

*ਸਤਿਗੁਰ ਬਚਨ, ਬਚਨ ਹੈ ਸਤਿਗੁਰ,*
*ਪਾਧਰੁ ਮੁਕਤਿ ਜਨਾਵੈਗੋ॥੫॥੩॥ ਅੰਗ - ੧੩੧੦*

*ਗੁਰਬਾਣੀ ਇਸ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ॥੧॥੨੨॥ ਅੰਗ - ੬੭*

*ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥੪॥ ਅੰਗ - ੯੮੨*

*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥੨॥੧੦॥*
*ਅੰਗ - ੬੪੬*

ਉਪਰੋਕਤ ਗੁਰ-ਕਥਨਾਂ ਤੋਂ ਸੂਰਜ ਵੱਤ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਬਦ ਗੁਰੂ ਦਾ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸਿੱਖ ਧਰਮ ਵਿਚ ਦ੍ਰਿੜ੍ਹ ਕਰਵਾਇਆ ਜਾ ਰਿਹਾ ਹੈ।

ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਇਉਂ ਕਥਨ ਕੀਤਾ ਹੈ -

*ਗੁਰ ਮੂਰਤਿ ਗੁਰ ਸਬਦ ਹੈ,*
*ਸਾਧਸੰਗਤਿ ਵਿਚਿ ਪ੍ਰਗਟਾਇਆ॥ ਵਾਰ ੨੪/੨੫*

ਅਤੇ -

*ਗੁਰ ਮੂਰਤਿ ਗੁਰ ਸਬਦੁ ਹੈ,*
*ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ॥ ਵਾਰ ੨੪/੨੧*

ਸੰਸਾਰ ਦਾ ਪ੍ਰਸਿੱਧ ਇਤਿਹਾਸਕਾਰ ਨਬੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਬਿਆਨਦਾ ਲਿਖਦਾ ਹੈ ਕਿ ਸਿੱਖਾਂ ਦਾ ਇਹ ਧਰਮ ਗ੍ਰੰਥ ਦੂਜੇ ਧਰਮ ਗ੍ਰੰਥਾਂ ਦੀ ਤਰ੍ਹਾਂ ਨਿਰੋਲ ਗ੍ਰੰਥ ਹੀ ਨਹੀਂ, ਬਲਕਿ ਇਹ ਗੁਰੂ ਵੀ ਹਨ। ਮਾਨਵਤਾ ਦੇ ਸਰਬ ਸਾਂਝੇ ਆਤਮਿਕ ਖ਼ਜ਼ਾਨੇ ਦਾ ਵਿਰਸਾ ਹੈ। ਇਹ ਸਾਰੇ ਧਰਮ ਗ੍ਰੰਥਾਂ ਵਿਚੋਂ ਸਭ ਤੋਂ ਵੱਧ ਸਤਿਕਾਰਿਆ ਗ੍ਰੰਥ ਹੈ। ਸਿੱਖਾਂ ਲਈ ਆਪਣੇ ਇਸ ਪਵਿੱਤਰ ਧਰਮ ਗ੍ਰੰਥ ਦਾ ਰੁਤਬਾ, ਮੁਸਲਮਾਨਾਂ ਦੀ 'ਕੁਰਾਨ ਮਜੀਦ' ਯਹੂਦੀਆਂ ਦੀ 'ਤੌਰੇਤ' ਤੇ ਇਸਾਈਆਂ ਦੀ 'ਬਾਈਬਲ' ਤੋਂ ਕਿਤੇ ਉੱਚਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਸਦੀਵੀ ਗੁਰੂ ਹਨ। ਇਸ ਵਿਚ ਸਰਵਕਾਲਿਕ ਸਚਿਆਈਆਂ ਹਨ, ਜੋ ਸਾਰੇ ਸਮਿਆਂ ਅਤੇ ਸੰਪ੍ਰਦਾਵਾਂ ਨਾਲ ਸੰਬੰਧਤ ਹਨ।

ਨੋਬਲ ਪ੍ਰਾਈਜ਼ ਜੇਤੂ ਲੇਡੀ ਪਰਲ ਐਸ, ਬੱਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦੱਸਦਿਆਂ ਕਿਹਾ ਹੈ ਕਿ 'ਮੈਂ ਦੂਜੇ ਵੱਡੇ ਧਰਮਾਂ ਦੇ ਧਰਮ-ਗ੍ਰੰਥ ਪੜ੍ਹੇ ਹਨ, ਪਰ ਮੇਰੇ ਹਿਰਦੇ ਅਤੇ ਮਨ ਉੱਤੇ ਉਹਨਾਂ ਦਾ ਉਹ ਪ੍ਰਭਾਵ ਨਹੀਂ ਪਿਆ, ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਿਖਤਾਂ ਦਾ ਪਿਆ ਹੈ। ਸ੍ਰੀ ਗੁਰੂ ਕਾਫ਼ੀ ਵੱਡਾ ਹੈ, ਪਰ ਇਸਦੀ ਵਿਚਾਰਧਾਰਾ ਬੱਝਵੀਂ ਹੈ, ਇਸ ਵਿਚ ਦਰਜ ਅਪਾਰ

ਪਹੁੰਚ ਦਾ ਸਬੂਤ ਹੈ, ਜਿਸ ਵਿਚ ਰੱਬੀ ਸੰਕਲਪਾਂ ਬਾਰੇ ਸੂਖਮ ਵੀਚਾਰਾਂ ਦੀ ਪੂਰਤੀ ਤੱਕ ਪ੍ਰਵਾਨਗੀ ਪ੍ਰਾਪਤ ਹੈ।

ਜਰਮਨ ਦਾ ਇਕ ਬੜਾ ਸੁਘੜ ਵਿਦਵਾਨ ਹੋਇਆ ਹੈ ਜਿਸਦਾ ਨਾਮ ਸੀ 'ਟਰੰਪ'। ਇਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿੱਥੇ ਮਹਾਨਤਾ ਬਿਆਨੀ ਹੈ, ਉੱਥੇ ਇਸ ਬਾਣੀ ਨੂੰ ਪੁਰਾਣੀਆਂ ਭਾਰਤੀ ਉਪ ਭਾਸ਼ਾਵਾਂ ਦਾ ਸੋਮਾ ਵੀ ਆਖਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਕਿਸੇ ਖ਼ਾਸ ਜਾਤ, ਵਰਣ, ਫਿਰਕੇ, ਨਸਲ ਜਾਂ ਕਿਸੇ ਅਮੀਰ, ਜਾਂ ਕਿਸੇ ਚਿੱਟੇ ਕਾਲੇ ਆਦਿ ਲੋਕਾਂ ਲਈ ਨਹੀਂ, ਸਗੋਂ ਇਹ ਅਰਸ਼ੀ ਸਿੱਖਿਆ ਸਮੁੱਚੀ ਲੋਕਾਈ ਲਈ ਹੈ। ਇਥੇ ਤਾਂ ਨਾਅਰਾ ਹੀ ਇਹ ਮਾਰਿਆ ਜਾਂਦਾ ਹੈ ਜੋ ਤ੍ਰੈ-ਕਾਲ ਸੱਚ ਹੈ -

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥੪॥੫●॥ ਅੰਗ - ੭੪੮***

ਡਾ. ਰਾਧਾ ਕ੍ਰਿਸ਼ਨਨ, ਭਾਰਤ ਦੇ ਸਾਬਕਾ ਰਾਸ਼ਟਰਪਤੀ ਹੋਏ ਨੇ। ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਬਿਆਨ ਕਰਨੋਂ ਨਾ ਰਹਿ ਸਕੇ। ਉਹਨਾਂ ਨੇ ਆਪਣੀ ਇਕ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਲਿਖਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਤਿਨਾਮ ਦੀ ਧੁਨੀ ਨੂੰ ਜਿਸ ਸ਼ਰਧਾ ਤੇ ਵੰਦਨਾ ਨਾਲ ਗੜੂੰਦ ਕੇ ਗਾਵਿਆ ਗਿਆ ਹੈ, ਉਹਨਾਂ ਬੋਲਾਂ ਨੂੰ ਸਾਗਰਾਂ ਦੀਆਂ ਵਿੱਥਾਂ ਤੇ ਪਹਾੜਾਂ ਦੀਆਂ ਉਚਿਆਈਆਂ ਵੀ ਰਾਹ ਦੇਣੋਂ ਸੰਕੋਚ ਨਹੀਂ ਕਰਨਗੀਆਂ।

ਭਾਈ ਕਾਨ੍ਹ ਸਿੰਘ ਜੀ 'ਨਾਭਾ' ਨੇ 'ਗੁਰਮਤਿ ਮਾਰਤੰਡ' ਗ੍ਰੰਥ ਵਿਚ ਸੰਤ ਨਿਹਾਲ ਸਿੰਘ ਦੀ ਲਿਖਤ ਦੇ ਕੁਝ ਬੰਦ ਲਿਖੇ ਨੇ, ਜਿਨ੍ਹਾਂ ਬੰਦਾਂ ਵਿਚ ਸੰਤ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਡਾਢੀ ਪ੍ਰੀਤੀ ਤੇ ਪ੍ਰੇਮ-ਖਿੱਚ ਨਾਲ ਮਹਾਨਤਾ ਬਿਆਨੀ ਹੈ, ਕਿਆ ਕਮਾਲ ਕੀਤੀ ਹੈ, ਪੜ੍ਹ ਕੇ ਵਿਸਮਾਦ ਦੀ ਅਵਸਥਾ ਆ ਜਾਂਦੀ ਹੈ -

*ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸੁਰ ਹੈ,*
*ਕਿ ਦੇਵਨ ਕੋ ਤਰੁ ਹੈ ਕਿ ਗਯਾਨ ਕੋ ਸਮਾਜ ਹੈ।*
*ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ*
*ਕਿ ਭਾਰਤੀ ਕੋ ਮਾਲ ਹੈ ਕਿ ਭਵ ਕੋ ਜਹਾਜ ਹੈ।*
*ਵਿਦਯਾ ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਂਤਿ ਹੈ,*
*ਕਿ ਮੋਖਹੂੰ ਕੋ ਕਾਤਿ ਹੈ ਕਿ ਬ੍ਰਹਮ ਹੀ ਵਿਰਾਜ ਹੈ।*
*ਰਾਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ,*
*ਕਿ ਧਰਾ ਕੋ ਸੁਹਾਗ ਹੈ ਕਿ ਗ੍ਰੰਥ ਮਹਾਰਾਜ ਹੈ।*
*ਕਾਹੂੰ ਕੇ ਭਰੋਸੋਂ ਹੈ ਜ਼ਮੀਨ ਕੋ ਜਮਾਨ ਬੀਚ,*
*ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ਼ ਹੈ।*
*ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ,*
*ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈ ਕਾਜ ਪੈ।*
*ਕਾਹੂੰ ਕੋ ਭਰੋਸੋ ਦੇਵ ਬਾਨੀ ਅਰੁ ਪਾਰਸੀ ਕੋ,*
*ਕਾਹੂੰ ਕੇ ਭਰੋਸੋ ਸੰਤਗੀਰੀ ਕੀ ਮਿਜਾਜ਼ ਪੈ*
*ਕਾਹੂੰ ਕੇ ਭਰੋਸੋ ਚਾਰ ਚਾਤਰੀ ਚਲਾਕੀ ਚੋਖ,*
*ਮੈਂ ਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।*

ਸਤਿਗੁਰੂ ਜੀ ਨੇ 'ਮੁੰਦਾਵਣੀ' ਸਿਰਲੇਖ ਹੇਠ ਇਕ ਸ਼ਬਦ ਉਚਾਰਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ ਤੇ ਦਰਜ ਹੈ। ਇਸ ਵਿਚ ਪੰਚਮ ਪਾਤਸ਼ਾਹ ਜੀ ਨੇ ਤਾਂ ਸੂਰਜ ਵੱਤ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਬਾਣੀ ਅੰਦਰ ਅੰਮ੍ਰਿਤ-ਮਈ ਭੋਜਨ ਹੈ, ਮਨੁੱਖਤਾ ਨੂੰ ਇਸ ਤੋਂ ਨਾ-ਮਿਟਣ ਵਾਲਾ ਸੰਤੋਖ ਪ੍ਰਾਪਤ ਹੋਵੇਗਾ। ਬਸ! ਲੋੜ ਇਸ ਗੱਲ ਦੀ ਹੈ ਕਿ ਕੋਈ ਖਾਵੇ ਅਤੇ ਪਚਾਵੇ ਤਾਂ ਸਹੀ। ਇਥੋਂ ਤਾਂ ਸੰਸਾਰੀ ਜੀਵਾਂ ਨੂੰ ਆਤਮਿਕ ਸ਼ਾਂਤੀ ਹਾਸਿਲ ਹੋਵੇਗੀ। ਇਸ ਆਤਮਿਕ ਨੂਰ ਦੀਆਂ ਰਿਸ਼ਮਾਂ ਦੁਆਰਾ ਸੰਸਾਰ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਹੋਵੇਗਾ। ਹਾਂ ਜੀ! ਮਨੁੱਖੀ ਹਿਰਦਿਆਂ ਉਪਰ ਜੋ ਅਗਿਆਨਤਾ ਦੇ ਮੰਡਪ ਛਾਏ ਹੋਏ ਨੇ, ਉਹਨਾਂ ਨੂੰ ਆਤਮਿਕ ਨਿਰ ਦੀਆਂ ਰਿਸ਼ਮਾਂ ਉਡਾਉਣ ਵਿਚ ਸਮਰਥ ਹੋਵਣਗੀਆਂ ਅਤੇ ਇਸ ਤਰ੍ਹਾਂ ਜੀਵਾਂ ਦਾ ਅਵੱਸ਼ ਕਲਿਆਣ ਹੋਵੇਗਾ -

*ਮੁੰਦਾਵਣੀ ਮਹਲਾ ੫॥*
*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥*
*ਜੇ ਕੋ ਖਾਵੈ ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੱਬੀ ਏਕਤਾ ਦਾ ਖਿਆਲ ਬੜੇ ਜੋੜ ਨਾਲ ਦ੍ਰਿੜ ਕਰਵਾਇਆ ਗਿਆ ਹੈ। ਉਹ ਪਰਮਾਤਮਾ ਹਰ ਜਗ੍ਹਾ ਵਿਦਮਾਨ ਹੈ, ਸਰਬ-ਵਿਆਪਕ ਹੈ, ਭਰਪੁਰਿ ਲੀਣਾ ਹੈ -

*ਸਾਹਿਬੁ ਮੇਰਾ ਏਕੋ ਹੈ॥*
*ਏਕੋ ਹੈ ਭਾਈ ਏਕੋ ਹੈ॥੧॥ਰਹਾਉ॥੫॥*
*ਅੰਗ - ੩੫●*

ਪੰਚਮ ਪਾਤਸ਼ਾਹ ਜੀ ਦਾ ਸ੍ਰੀ ਸੁਖਮਨੀ ਸਾਹਿਬ ਵਿਚ ਅਰਸ਼ੀ ਬਲ ਹੈ -

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥*

***(ਬਾਕੀ ਪੰਨਾ 37 'ਤੇ)***

# ਗੁਰੂ ਗ੍ਰੰਥ ਤੇ ਨਵੀਂ ਸੰਸਕ੍ਰਿਤੀ

*(ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਇਸ ਕਰਕੇ ਨਹੀਂ ਹੈ ਕਿ ਇਹ ਸਿੱਖਾਂ ਦਾ ਧਰਮ-ਗ੍ਰੰਥ ਹੈ, ਬਲਕਿ ਇਸ ਵਡਿਆਈ ਦਾ ਵੱਡਾ ਕਾਰਨ ਉਹ ਸਰਬ-ਸਾਂਝਾ ਜਾਂ ਸਰਬੱਤ ਦੇ ਭਲੇ ਦਾ ਪੈਗ਼ਾਮ ਹੈ, ਜੋ ਇਸ ਵਿਚ ਕਲਾਤਮਕ-ਢੰਗ ਨਾਲ ਪ੍ਰੇਮ ਪੂਰਬਕ ਦਿੱਤਾ ਗਿਆ ਹੈ। ਆਦਿ ਗੁਰੂ ਗ੍ਰੰਥ ਰੱਬੀ ਏਕਤਾ ਦੇ ਸਿਧਾਂਤ ਉਤੇ ਮਨੁੱਖੀ ਏਕਤਾ ਦਾ ਸੁੰਦਰ ਮੰਦਰ ਜਿਸ ਢੰਗ ਨਾਲ ਉਸਾਰਦਾ ਹੈ, ਉਹੀ ਮਨੁੱਖ-ਸਭਿਅਤਾ ਦੇ ਇਤਿਹਾਸ ਵਿਚ ਸੱਚਮੁਚ ਇਕ ਨਵੀਂ ਪ੍ਰਾਪਤੀ ਹੈ। ਜਿਥੋਂ ਤਕ ਇਸ ਰੂਹਾਨੀ ਸੰਦੇਸ਼ ਦਾ ਸੰਬੰਧ ਹੈ, ਉਹ ਵਿਸ਼ਵਾਰਥੀ ਤੇ ਵਿਗਿਆਨਕ ਹੋਣ ਕਰਕੇ ਵਿਸ਼ੇਸ਼ ਕਰਕੇ ਮਹੱਤਵ ਦਾ ਧਾਰਨੀ ਹੈ। ਇਸ ਕਰਕੇ ਇਸ ਨੂੰ ਸੰਸਾਰ ਮਾਤਰ ਦਾ ਕਲਿਆਣਕਾਰੀ ਤੇ ਪੂਜਨੀਕ ਧਰਮ-ਗ੍ਰੰਥ ਵੀ ਆਖਿਆ ਜਾ ਸਕਦਾ ਹੈ। ਜਿਥੋਂ ਤਕ ਇਸ ਦੇ ਬਾਹਰੀ ਰੂਪ-ਭਾਸ਼ਾ ਤੇ ਸ਼ੈਲੀ ਦਾ ਸੰਬੰਧ ਹੈ, ਇਸ ਪੱਖ ਤੋਂ ਅਸੀਂ ਇਸ ਨੂੰ ਨਿਰਸੰਕੋਚ ਧਰਮ-ਨਿਰਪੇਖ ਨਵੇਂ ਭਾਰਤ ਦਾ ਨਵਾਂ ਧਰਮ-ਗ੍ਰੰਥ ਸਹਿਜੇ ਮੰਨ ਸਕਦੇ ਹਾਂ, ਜਿਸ ਵਿਚ ਬਿਨਾਂ ਕਿਸੇ ਸਮਾਜਿਕ ਜਾਂ ਮਜ਼੍ਹਬੀ ਵਿਤਕਰੇ ਜਾਂ ਫਿਰ ਇਲਾਕਾਈ ਭਿੰਨ-ਭੇਦ ਦੇ ਸਾਰੇ ਹਿੰਦੁਸਤਾਨ ਦੀ ਅਧਿਆਤਮਕ ਆਤਮਾ ਗੂੰਜ ਉਠੀ ਹੈ। ਪ੍ਰਬੀਨ ਸਿੱਖ ਗੁਰੂਆਂ ਨੇ ਇਸ ਵਿਚ ਕੇਵਲ ਆਪਣੀ ਬਾਣੀ ਹੀ ਸੰਕਲਿਤ ਨਹੀਂ ਕੀਤੀ, ਸਗੋਂ ਸ਼ੇਖ ਫਰੀਦ ਤੇ ਭੀਖਨ ਵਰਗੇ ਸੂਫੀ ਫਕੀਰਾਂ ਤੇ ਰਾਮਾਨੰਦ, ਜੈ ਦੇਵ ਤੇ ਕਬੀਰ ਵਰਗੇ ਭਗਤੀ ਲਹਿਰ ਦੇ ਸੰਤਾਂ ਦੇ ਅਮੋਲਕ ਬਚਨ ਵੀ ਬਰਾਬਰ ਚੁਣ ਕੇ ਰੱਖੇ ਹਨ। ਭਗਤੀ ਲਹਿਰ ਵਿਚ ਸਰਗੁਣਵਾਦ ਤੇ ਨਿਰਗੁਣਵਾਦ ਦੀਆਂ ਦੋ ਧਾਰਾਵਾਂ ਹਨ, ਮਗਰ ਸਤਿਗੁਰਾਂ ਦੋਹਾਂ ਦਾ ਸੰਗਮ ਰਚਿਆ ਤੇ ਕੁਦਰਤ ਦੇ ਵਿਚ ਵਿਆਪਕ ਕਾਦਰ ਪਰਮਾਤਮਾ ਦਾ ਸਰਗੁਣ ਰੂਪ ਢੱਕ ਕੇ ਉਸ ਦੇ ਨਿਰਗੁਣ ਰੂਪ ਦੀ ਵਿਆਖਿਆ ਵਿਲੱਖਣ ਭਾਂਤ ਕੀਤੀ। ਇਹ ਬ੍ਰਹਮ ਤੇ ਮਾਇਆ ਦਾ, ਕੁਦਰਤ ਤੇ ਕਾਦਰ ਦੀ ਏਕਤਾ ਦਾ ਦਰਸ਼ਨ ਸੀ। ਸੋ ਗੁਰੂ ਗ੍ਰੰਥ ਦਾ ਅਧਿਆਤਮਕ ਸ਼ਾਸਤ੍ਰ ਏਕਾਵਾਦੀ ਤੇ ਸਮਾਜ ਸ਼ਾਸਤ੍ਰ ਮਾਨਵਵਾਦੀ ਹੈ, ਜੋ ਵਿਸ਼ਵ ਮਨੁੱਖ ਦਾ ਸੁੰਦਰ ਆਧਾਰ ਬਣਨ ਦੀ ਪੂਰਨ ਭਾਂਤ ਸਮਰੱਥਾ ਰੱਖਦਾ ਹੈ।

ਅੱਜ ਦੇ ਬੌਧਿਕ ਯੁਗ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਦੂਜੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਅਧਿਆਤਮਕ ਮਾਰਗ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਆਮ ਤੌਰ ਤੇ ਪੁਰਾਣੇ ਧਾਰਮਕ ਗ੍ਰੰਥਾਂ ਵਿਚ ਕਈ ਤਰ੍ਹਾਂ ਦੇ ਕਰਮ ਕਾਂਡ, ਭਰਮ ਵਹਿਮ, ਮਿਥਿਹਾਸ ਤੇ ਕਾਲਪਨਿਕ ਕਹਾਣੀਆਂ ਤੋਂ ਕੰਮ ਲਿਆ ਗਿਆ ਹੈ, ਜਿਸ ਕਰਕੇ ਨਵੀਂ ਪੀੜ੍ਹੀ ਉਹਨਾਂ ਤੋਂ ਅਸੰਤੁਸ਼ਟ ਹੈ। ਪਰ ਗੁਰੂ ਗ੍ਰੰਥ ਦਾ ਸਿਧਾਂਤ ਤਰਕ-ਕਸਵੱਟੀ ਤੇ ਪੂਰਾ ਉਤਰਨ ਵਾਲਾ ਹੈ ਤੇ ਇਸ ਵਿੱਚ ਕੋਈ ਅਜਿਹੀ ਗੱਲ ਨਹੀਂ ਕਹੀ ਗਈ ਜੋ ਆਤਮਕ ਅਨੁਭਵ ਦਾ ਵਿਗਿਆਨਕ ਆਧਾਰ ਨਾ ਰੱਖਦੀ ਹੋਵੇ। ਸਪੱਸ਼ਟ ਫੁਰਮਾਨ ਹੈ -

*ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥*
*ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥*

*ਅੰਗ - ੧੪੧੦*

*ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ॥*

*ਅੰਗ - ੧੨੪੫*

ਸੋ ਇਹ ਦ੍ਰਿਸ਼ਟੀਕੋਣ ਦਸਦਾ ਹੈ ਕਿ ਗੁਰੂ ਸਾਹਿਬ ਕਿਸ ਤਰ੍ਹਾਂ ਅਧਿਆਤਮਕਤਾ ਨੂੰ ਵਿਗਿਆਨਕ ਰੂਪ ਵਿਚ ਪੇਸ਼ ਕਰ ਕੇ ਰਾਜ਼ੀ ਸਨ। ਤੀਸਰੀ ਗੱਲ ਜੋ ਆਦਿ ਗ੍ਰੰਥ

ਦੀ ਵਡਿਆਈ ਹੋਰ ਪਰਗਟ ਕਰਦੀ ਹੈ ਉਹ ਇਹ ਹੈ ਕਿ ਇਹ ਧਰਮ ਗ੍ਰੰਥ ਕੇਵਲ ਪਰਲੋਕ ਦੀ ਅਗਵਾਈ ਲਈ ਹੀ ਨਹੀਂ, ਬਲਕਿ ਇਸ ਲੋਕ ਨੂੰ ਸੰਵਾਰਨ, ਸੁਧਾਰਨ ਅਤੇ ਸਮਾਜਿਕ ਤੌਰ ਤੇ ਜੀਵਨ ਨੂੰ ਉਚੇਰਾ ਕਰਨ ਲਈ ਵੀ ਉਤਨਾ ਹੀ ਯਤਨ-ਸ਼ੀਲ ਹੈ, ਜਿਤਨਾ ਕਿ ਮੁਕਤੀ ਲਈ, ਕਿਉਂਕਿ ਗੁਰੂ ਸਾਹਿਬ ਵਿਰੱਕਤੀ ਦੀ ਥਾਂ ਕਰਮਯੋਗੀ ਜੀਵਨ ਦੇ ਹਿਮਾਇਤੀ ਸਨ, ਇਸ ਕਰਕੇ ਉਨ੍ਹਾਂ ਸੰਸਾਰੀ ਪੱਖਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ। ਸਮਾਜਿਕ ਭਲਾਈ ਤੇ ਵਿਅਕਤੀਗਤ ਸੁਧਾਈ ਲਈ ਜਿਸ ਸਦਾਚਾਰ ਉੱਤੇ ਜ਼ੋਰ ਦਿੱਤਾ ਗਿਆ ਹੈ, ਉਹ ਅਤਿਅੰਤ ਸੰਤੁਸ਼ਟਦਾਇਕ ਹੈ। ਗੱਲ ਇਹ ਹੈ ਕਿ ਇਹਨਾਂ ਸਦਾਚਾਰਕ ਨੇਮਾਂ ਵਿਚ ਕੋਈ ਪੱਖਪਾਤ ਜਾਂ ਬੰਧਨ ਵਾਲੀ ਗੱਲ ਨਹੀਂ, ਬਲਕਿ ਮਨੁੱਖੀ ਜੀਵਨ ਦੇ ਭਲੇ ਲਈ ਅਜਿਹੀਆਂ ਗੱਲਾਂ ਦੇ ਸੰਕੇਤ ਹਨ ਜੋ ਬਿਨਾਂ ਕਿਸੇ ਕੱਟਰਤਾ ਦੇ ਵਿਸ਼ਵ-ਸਦਾਚਾਰ ਦੀ ਬੁਨਿਆਦ ਬਣ ਸਕਦੇ ਹਨ, ਜਿਵੇਂ -

*ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ॥*
*ਅੰਗ - ੭੬੬*

*ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ॥*
*ਅੰਗ - ੯੧੮*

ਚੌਥੀ ਗੱਲ ਜੋ ਇਸ ਦੇ ਮਹੱਤਵ ਨੂੰ ਹੋਰ ਗੌਰਵ-ਭਰਪੂਰ ਬਣਾਂਦੀ ਹੈ ਉਹ ਇਸ ਮਹਾਨ ਰਚਨਾ ਦਾ ਸੰਗੀਤਕ ਤੇ ਸਾਹਿਤਕ ਜਾਮੇ ਵਿਚ ਪੇਸ਼ ਕੀਤਾ ਜਾਣਾ ਹੈ। ਕਲਾ ਦੀ ਜਿਸ ਖੂਬਸੂਰਤੀ ਨਾਲ ਇਹ ਜੀਵਨ-ਸਿਧਾਂਤ ਪੇਸ਼ ਕੀਤਾ ਗਿਆ ਹੈ, ਉਹ ਪਾਠਕ ਦੀ ਸੁਹਜਵਾਦੀ ਰੁਚੀ ਨੂੰ ਪ੍ਰਸੰਨ ਕਰਨ ਵਾਲਾ ਹੈ। ਭਾਸ਼ਾ ਦੀ ਰਵਾਨਗੀ, ਸ਼ੈਲੀ ਦੀ ਸੁਹਿਰਦਤਾ, ਅਲੰਕਾਰ-ਮਾਲਾ ਦਾ ਕੁਦਰਤੀ ਘਰੇਲੂ ਰੰਗ ਤੇ ਵਿਸ਼ਵ ਸਾਂਝ ਦੇ ਵਿਸ਼ੇ-ਵਸਤੂ ਸਭ ਕੁਝ ਹੀ ਆਕਰਸ਼ਕ ਸਾਮਗਰੀ ਹੈ। ਇਸੇ ਕਰਕੇ ਇਸ ਨੂੰ ਜੀਵਨ ਲਈ ਲਾਜ਼ਮੀ ਚੀਜ਼ ਆਖਦਿਆਂ -

*ਏਹ ਵਸਤੁ ਤਜੀ ਨਹ ਜਾਈ,*
*ਨਿਤ ਨਿਤ ਰਖੁ ਉਰਿ ਧਾਰੋ॥ ਅੰਗ - ੧੪੨੯*

ਦੀ ਤਾਕੀਦ ਕੀਤੀ ਮਿਲਦੀ ਹੈ। ਕਈ ਪੰਜਵਾਂ ਨੁਕਤਾ, ਗੁਰੂ ਗ੍ਰੰਥ ਨੂੰ ਕੇਵਲ ਧਰਮ-ਗ੍ਰੰਥ ਨਾ ਮੰਨ ਕੇ 'ਗੁਰੂ-ਰੂਪ' ਮੰਨਣਾ ਸਭ ਤੋਂ ਵਧ ਮਹਾਨ ਅਤੇ ਬੇ-ਮਿਸਾਲ ਹੈ। ਇਤਿਹਾਸ ਪੜ੍ਹਨ ਤੋਂ ਇਉਂ ਜਾਪਦਾ ਹੈ ਕਿ ਜਿਵੇਂ ਸਿੱਖ ਗੁਰੂਆਂ ਦੀ ਸਾਰੀ ਘਾਲ ਦਾ ਮੰਤਵ ਆਦਿ ਗ੍ਰੰਥ ਤਿਆਰ ਕਰ ਕੇ ਮਨੁੱਖਤਾ ਦੀ ਝੋਲੀ ਹੀਰੇ ਮੋਤੀਆਂ ਨਾਲ ਭਰਪੂਰ ਕਰਨਾ ਸੀ, ਜਦੋਂ ਕਿ ਕੋਈ ਵੀ ਪੀਰ-ਪੈਗੰਬਰ, ਜਾਂ ਅਵਤਾਰ ਕੋਈ ਧਰਮ ਗ੍ਰੰਥ ਖ਼ੁਦ ਤਿਆਰ ਨਹੀਂ ਕਰ ਗਿਆ। ਸਤਿਗੁਰਾਂ ਨੇ ਇਹ ਕੰਮ ਇਸ ਲਈ ਖ਼ੁਦ ਕੀਤਾ ਕਿ ਇਸ ਨੂੰ 'ਗੁਰੂ' ਥਾਪਣਾ ਹੈ। ਇਸੇ ਕਰਕੇ ਇਸ ਨੂੰ 'ਗੁਰੂ' ਦੀ ਪਦਵੀ ਨਾਲ ਸੁਸ਼ੋਭਿਤ ਕੀਤਾ ਗਿਆ ਤਾਂ ਕਿ ਮਨੁੱਖ ਹਰ ਤਰ੍ਹਾਂ ਦੀ ਸ਼ਖ਼ਸੀ ਗ਼ੁਲਾਮੀ ਤੋਂ ਛੁਟਕਾਰਾ ਪਾ ਸਕੇ। ਆਮ ਤੌਰ ਤੇ ਅਸੀਂ ਰਾਜਸੀ ਗੁਲਾਮੀ ਤੋਂ ਛੁਟਕਾਰਾ ਤਾਂ ਪਾ ਲੈਂਦੇ ਹਾਂ ਪਰ ਧਾਰਮਿਕ ਦੁਨੀਆ ਵਿਚ ਕਿਸੇ ਨਾ ਕਿਸੇ ਦੀ ਦਾਸਤਾਂ ਪਰਵਾਨ ਕਰਨਾ ਜਾਇਜ਼ ਹੀ ਸਮਝਦੇ ਹਾਂ, ਮਗਰ -

*ਸਬਦ ਗੁਰ ਪੀਰਾ ਗਹਿਰ ਗੰਭੀਰਾ॥ ਅੰਗ - ੬੩੫*

ਜਾਂ -

*ਬਾਣੀ ਗੁਰੂ, ਗੁਰੂ ਹੈ ਬਾਣੀ॥ ਅੰਗ - ੯੮੨*

ਦਾ ਹੋਕਾ ਦੇਣ ਵਾਲੇ ਗੁਰੂਆਂ ਦਾ ਪੱਕਾ ਇਰਾਦਾ ਸੀ ਕਿ ਆਦਮੀ ਸਿਵਾਇ ਪਰਮੇਸ਼ਰ ਦੇ ਕਿਸੇ ਦਾ ਵੀ ਮੁਥਾਜ ਨਾ ਹੋਵੇ, ਇਸੇ ਲਈ ਇਸ ਨੂੰ ਸ਼ਬਦ ਜਾਂ 'ਬਾਣੀ' ਦਾ ਪੱਲਾ ਪਕੜਾਇਆ ਗਿਆ ਹੈ।

ਸਪੱਸ਼ਟ ਹੈ ਕਿ ਸਿੱਖ ਗੁਰੂਆਂ ਨੇ ਆਦਿ ਗ੍ਰੰਥ ਨੂੰ ਗੁਰੂ ਸਥਾਪਿਤ ਕਰਕੇ ਮਨੁੱਖੀ ਸੁਤੰਤਰਤਾ ਲਈ ਇਕ ਨਵਾਂ ਕਾਰਨਾਮਾ ਕੀਤਾ, ਜਿਸ ਕਾਰਣ ਕਿਸੇ ਜਗਿਆਸੂ ਨੂੰ ਕਿਸੇ ਦੇਹਧਾਰੀ ਦਾ ਤਾਬੇਦਾਰ ਹੋਣ ਦੀ ਲੋੜ ਨਹੀਂ ਰਹਿ ਜਾਂਦੀ ਤੇ ਉਹ ਪ੍ਰਤੱਖ ਗੁਰੂ ਗੁਰਬਾਣੀ ਦੁਆਰਾ ਹੀ ਆਪਣਾ ਉਧਾਰ ਕਰ ਸਕਦਾ ਹੈ। ਧਰਮ ਦੀ ਦੁਨੀਆ ਵਿਚ ਇਹ ਇਕ ਇਨਕਲਾਬੀ ਘਟਨਾ ਹੈ, ਜੋ ਕਿਸੇ ਹੋਰ ਧਰਮ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਭਾਰਤੀ ਦਰਸ਼ਨ-ਸ਼ਾਸਤ੍ਰੀਆਂ ਨੇ ਸ਼ਬਦ ਨੂੰ 'ਨਿੱਤ' ਜ਼ਰੂਰ ਕਿਹਾ ਹੈ ਜਾਂ ਇਕ ਥਾਂ 'ਸ਼ਬਦ ਬ੍ਰਹਮ' ਦੀ ਕਲਪਨਾ ਵੀ ਕੀਤੀ ਹੈ, ਪਰ ਇਸ ਅਧਿਆਤਮਿਕ ਸ਼ਬਦ ਨੂੰ 'ਗੁਰੂ' ਬਣਾਉਣਾ ਇਹ ਸਿੱਖ ਗੁਰੂਆਂ ਦਾ ਹੀ ਬੌਧਿਕ ਕ੍ਰਿਸ਼ਮਾ ਸੀ। ਦੂਜੇ ਸ਼ਬਦਾਂ ਵਿਚ ਰੂਹਾਨੀ ਸਾਹਿਤ ਨੂੰ ਸਤਿਗੁਰੂ ਮੰਨ ਕੇ ਤੁਰਨਾ ਮਨੁੱਖ ਸੰਸਕ੍ਰਿਤੀ ਦੀ ਇਕ ਨਵੀਂ ਮੰਜ਼ਿਲ ਸੀ। ਪਰ ਇਸ ਦਾ ਗੌਰਵ ਅਜੇ ਤਕ ਪੂਰੀ ਤਰ੍ਹਾਂ ਅਨੁਭਵ ਨਹੀਂ ਕੀਤਾ ਗਿਆ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਜਿਸ ਮਨੁੱਖੀ ਏਕਤਾ ਦੀ ਕਲਪਨਾ ਵਿਗਿਆਨ ਕਰਦਾ ਨਹੀਂ

ਥੱਕਦਾ, ਉਹ ਖ਼ੁਦਪ੍ਰਸਤੀ ਵਿਚ ਨਹੀਂ, ਖ਼ੁਦਾ-ਪ੍ਰਸਤੀ ਵਿਚ ਹੈ ਅਤੇ ਉਹ ਕੌਮ-ਪ੍ਰਸਤੀ ਦੀ ਕਠੋਰਤਾ ਦੀ ਥਾਂ ਮਾਨਵਵਾਦੀ ਸੁਹਿਰਦਤਾ ਵਿਚ ਹੈ। ਪਦਾਰਥ-ਵਾਦੀ ਨਵੀਂ ਸੋਚ ਮਨੁੱਖ ਨੂੰ ਰੱਬ ਦੀ ਥਾਂ ਸਟੇਟ ਦੇ ਹਵਾਲੇ ਕਰਦੀ ਹੈ ਤੇ ਸਟੇਟ ਇਕ ਪਾਰਟੀ ਦੀ ਕਠਪੁਤਲੀ ਹੈ, ਜਿਸ ਵਿਚ ਪੱਖਪਾਤ ਤੇ ਹੋਰ ਮੰਦਾ ਅੰਸ਼ ਵੀ ਸ਼ਾਮਲ ਹੈ। ਪਦਾਰਥਵਾਦੀ ਸੰਸਾਰ ਨੂੰ ਇਹ ਧੱਕਾਵਾਦ ਸ਼ਾਂਤੀ ਨਹੀਂ ਦੇ ਸਕਦਾ। ਸੋ ਇਸ ਐਟਮਵਾਦੀ ਯੁੱਗ ਦਾ ਉਧਾਰ ਪਰਮੇਸ਼ਰ ਦੇ 'ਨਾਮ' ਨਾਲ ਹੀ ਸੰਭਵ ਹੈ ਤੇ ਇਹ 'ਨਾਮ ਦਾ ਖ਼ਜ਼ਾਨਾ' ਆਦਿ ਗੁਰੂ ਗ੍ਰੰਥ ਹੈ ਤੇ ਇਸ ਵੱਲ ਯੁੱਗ ਦਾ ਧਿਆਨ ਦਿਵਾਉਣਾ ਬਹੁਤ ਜ਼ਰੂਰੀ ਹੈ।

ਸੰਸਾਰ ਪ੍ਰਸਿੱਧ ਇਤਿਹਾਸਕਾਰ ਅਰਨਾਲਡ ਟੌਨਿਬੀ ਨੇ ਇਹ ਗੱਲ ਦੁਹਰਾਈ ਹੈ ਕਿ ਆਦਿ ਗ੍ਰੰਥ ਵਿਚ ਅਟੱਲ ਸੱਚ ਦਾ ਵਰਣਨ ਹੈ, ਜੋ ਕਿ ਹਰ ਯੁੱਗ ਤੇ ਹਰ ਮਤ ਲਈ ਲੋੜੀਂਦੜਾ ਹੈ। ਸਿੱਖਾਂ ਨੇ ਗ੍ਰੰਥ ਨੂੰ ਗੁਰੂ ਮੰਨ ਕੇ ਸਭ ਕਿਸਮ ਦੀ ਵਿਅਕਤੀਗਤ ਦਾਸਤਾਂ ਦਾ ਭੋਗ ਪਾ ਦਿੱਤਾ ਹੈ। ਜੇਕਰ ਦੁਨੀਆ ਮੁੱਕਣ ਤੇ ਹੀ ਆਈ ਤਾਂ ਰੂਹਾਨੀ ਸ਼ਬਦ ਦਾ ਝੰਡਾ ਸਦਾ ਝੂਲਦਾ ਰਹੇਗਾ ਤੇ ਇਸ ਝੰਡੇ ਹੇਠ ਆਉਣ ਵਾਲੇ ਅਮਰ ਰਹਿ ਸਕਣਗੇ। ਇਹ ਭਵਿਸ਼ਬਾਣੀ ਬੜੀ ਅਰਥ ਭਰਪੂਰ ਹੈ, ਸੰਸਾਰ ਦੇ ਕਰਮਕਾਂਡ ਤੇ ਰਹੁਰੀਤਾਂ ਤਾਂ ਸਦਾ ਹੀ ਮਿਟਦੀਆਂ ਬਣਦੀਆਂ ਆਈਆਂ ਹਨ, ਪਰ ਜ਼ਿੰਦਗੀ ਦਾ ਅਮਰ ਸਿਧਾਂਤ ਜੁਗੋ-ਜੁਗ ਅਟੱਲ ਹੈ ਤੇ ਉਹ ਗੁਰੂ ਗ੍ਰੰਥ ਦਾ ਪਰਮ ਧਰਮ ਹੈ, ਸੱਚ ਦਾ ਧਰਮ ਸੱਚ ਵਿਚ ਵਿਸ਼ਵਾਸ ਰੱਖਣ ਦਾ ਅਟੱਲ ਧਰਮ ਤੇ ਇਹ ਸੱਚ ਸਾਰੇ ਰੋਗਾਂ ਦਾ ਇਲਾਜ ਹੈ, ਜਿਸ ਤੋਂ ਨਵੀਂ 'ਸੰਸਕ੍ਰਿਤੀ' ਸੱਖਣੀ ਹੈ ਤੇ ਇਹ ਗੁਰੂ ਗ੍ਰੰਥ ਪੂਰੀ ਕਰਦਾ ਹੈ।

*ਏਕੋ ਧਰਮੁ ਦ੍ਰਿੜੈ ਸਚੁ ਕੋਈ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ॥* *ਅੰਗ - ੧੧੮੮*

*ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥*
*ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ॥*
*ਅੰਗ - ੪੬੮*

ਭਗਤੀ ਲਹਿਰ ਦੇ ਜ਼ਮਾਨੇ ਜੋ ਨਵੀਂ ਵਿਚਾਰਧਾਰਾ ਸੰਤ, ਭਗਤ, ਦਰਵੇਸ਼ ਫਕੀਰ ਮੰਥਨ ਕਰ ਕੇ ਦੱਸ ਰਹੇ ਸਨ, ਉਹਨਾਂ ਵਿਚ ਇਕ ਅਨੋਖੀ ਸਾਂਝ ਸੀ ਤੇ ਬਹੁਤੇ ਮਾਮਲਿਆਂ ਤੇ ਉਹ ਇਕ ਰਾਇ ਸਨ, ਜਿਵੇਂ ਕਿ -

੧) ਪਰਮੇਸ਼ਰ ਇਕ ਹੈ ਤੇ ਉਹ ਪੂਜਣ ਯੋਗ ਹੈ।

੨) ਗਿਆਨ ਯੋਗ ਅਤੇ ਕਰਮ ਯੋਗ ਨਾਲੋਂ ਉਸ ਦੀ ਪ੍ਰਾਪਤੀ ਦਾ ਪੰਧ ਪ੍ਰੇਮਾ ਭਗਤੀ ਹੈ।

੩) ਇਸ ਪਰਮਾਰਥ ਦੇ ਮਾਰਗ ਤੇ ਚਲਣ ਲਈ ਗੁਰੂ ਦੀ ਅਗਵਾਈ ਜ਼ਰੂਰੀ ਹੈ।

੪) ਸਾਧੂਆਂ ਦੀ ਸੰਗਤ ਯਾ 'ਸਤਿਸੰਗ' ਸਹਾਇਕ ਸਾਧਨ ਹੈ।

੫) ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ਼ ਕੇ ਸਤ, ਸੰਤੋਖ, ਧੀਰਜ, ਦਯਾ, ਨਿੰਮ੍ਰਤਾ ਆਦਿ ਗੁਣ ਧਾਰਨੇ ਜ਼ਰੂਰੀ ਹਨ।

੬) ਭਗਤੀ ਦਾ ਅਸਲ ਤਰੀਕਾ ਨਾਮ ਸਿਮਰਨ ਹੈ, ਜੋ ਸਤਿਸੰਗੀਆਂ ਨਾਲ ਮਿਲ ਕੇ ਕੀਰਤਨ ਰਾਹੀਂ ਵੀ ਹੋ ਸਕਦਾ ਹੈ, ਏਕਾਂਤ ਭਜਨ ਰਾਹੀਂ ਵੀ।

੭) ਸੰਸਾਰ ਦੇ ਭੋਗ ਬਿਲਾਸੀ ਪਦਾਰਥ ਚਲਾਇਮਾਨ ਹਨ, ਇਸ ਲਈ ਇਹਨਾਂ ਦੀ ਪਕੜ ਰੱਖਣਾ ਠੀਕ ਨਹੀਂ, ਵੈਰਾਗ ਤਿਆਗ ਜ਼ਰੂਰੀ ਹੈ।

੮) ਨਾਮ ਸਿਮਰਨ ਦੇ ਨਾਲ ਨਾਲ ਕਿਰਤ ਕਰਕੇ ਵੰਡ ਛਕਣ ਦਾ ਧਾਰਨੀ ਹੋਣਾ ਵੀ ਜ਼ਰੂਰੀ ਹੈ। ਕਿਰਤ ਦਾ ਤਿਆਗ ਨਹੀਂ ਕਰਨਾ, ਬਦੀ ਦਾ ਤਿਆਗ ਕਰਨਾ ਹੈ।

੯) ਵੇਦ ਕਤੇਬ ਦੇ ਕਰਮਕਾਂਡ ਤੇ ਸ਼ਰ੍ਹਾ ਸ਼ਰੀਅਤ ਸਾਰਥਕ ਨਹੀਂ, ਕੇਵਲ ਪ੍ਰੇਮਾ ਭਗਤੀ ਤੇ ਉੱਚ ਅਚਾਰ ਹੀ ਸਹੀ ਮਾਰਗ ਹੈ।

੧੦) ਪਰ ਇਹ ਸਭ ਕੁਝ ਕਰ ਕਰਾ ਕੇ ਵੀ ਮੁਕਤੀ, ਆਤਮ ਕਲਿਆਣ ਜਾਂ ਪ੍ਰਮਾਰਥਕ ਪ੍ਰਾਪਤੀ ਉਸ ਦੀ ਕ੍ਰਿਪਾਲਤਾ (ਨਦਰਿ ਕਰਮ) ਦਾ ਫਲ ਹੈ। ਇਸ ਕਰਕੇ ਸੱਚਾ ਜਗਿਆਸੂ ਆਪਣੀ ਸਾਧਨਾ ਤੇ ਮਾਣ ਨਾ ਕਰਦਾ ਹੋਇਆ ਪ੍ਰਭੂ ਅੱਗੇ ਆਤਮ ਸਮਰਪਣ ਕਰਕੇ ਉਸ ਦੇ ਭਾਣੇ ਵਿਚ ਚਲਣਾ ਹੀ ਆਪਣਾ ਜੀਵਨ-ਕਰਤੱਵ ਸਮਝਦਾ ਹੈ।

ਇਸੇ ਵਿਚਾਰਧਾਰਾ ਨੂੰ ਦੱਸਣ ਵਾਲਾ ਆਦਿ ਗੁਰੂ ਗ੍ਰੰਥ ਸਾਹਿਬ, ਨਵੇਂ ਯੁੱਗ ਦਾ ਧਰਮ ਗ੍ਰੰਥ ਹੈ, ਜਿਸ ਤੋਂ ਨਵੇਂ ਯੁੱਗ ਦੀ ਸੰਸਕ੍ਰਿਤੀ ਵੀ ਕਈ ਸਬਕ ਲੈ ਸਕਦੀ ਹੈ।

# ਨਾਮ ਰਸੀਏ ਤੇ ਗੁਰੂ ਭਾਣੇ ਵਿਚ ਰਹਿਣ ਵਾਲੀ ਸ਼ਖਸੀਅਤ ਦੇ ਮਾਲਕ ਸਨ ਬੀਬੀ ਕੁਲਵੰਤ ਕੌਰ ਜੀ, ਚੰਡੀਗੜ੍ਹ

*[ਭਾਈ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ]*

ਨਾਮ ਰਸੀਏ ਤੇ ਗੁਰੂ ਭਾਣੇ ਵਿਚ ਰਹਿਣ ਵਾਲੀ ਸ਼ਖਸੀਅਤ ਦੇ ਮਾਲਕ ਸਨ ਬੀਬੀ ਕੁਲਵੰਤ ਕੌਰ ਜੀ, ਚੰਡੀਗੜ੍ਹ

ਪਿਛਲੇ ਮਹੀਨੇ ਦੀ 20 ਜੁਲਾਈ 2023 ਦਾ ਅਭਾਗਾ ਦਿਨ ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਲਈ ਕਾਲਾ ਦਿਨ ਸਾਬਤ ਹੋਇਆ, ਜਦੋਂ ਜੱਥੇ ਦੇ ਗੁਰਪੁਰਵਾਸੀ ਮੁੱਖ ਸੇਵਾਦਾਰ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ ਵਾਲਿਆਂ ਦੀ ਸਿੰਘਣੀ ਬੀਬੀ ਕੁਲਵੰਤ ਕੌਰ ਜੀ ਲੰਬੀ ਬੀਮਾਰੀ ਪਿਛੋਂ ਸਦੀਵੀ ਵਿਛੋੜਾ ਦੇ ਗਏ। ਬੀਬੀ ਜੀ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ 79, ਮਾਡਲ ਟਾਊਨ, ਲੁਧਿਆਣਾ ਵਾਲੀ ਕੋਠੀ ਵਿਖੇ ਬਹੁਤ ਸਮਾਗਮਾਂ ਵਿੱਚ ਵਿੱਚਰੇ ਹਨ ਤੇ ਭਾਈ ਸਾਹਿਬ ਜੀ ਦੀ ਸੰਗਤ ਕੀਤੀ ਹੋਈ ਹੈ। ਪਿਛਲੇ ਚਾਰ ਸਾਲਾਂ ਤੋਂ ਦੇਹ ਰੋਗ ਨਾਲ ਪੀੜਤ ਬੀਬੀ ਜੀ ਆਪਣੇ ਆਖਰੀ ਸਵਾਸਾਂ ਤੱਕ ਜੱਥੇ ਦੇ ਨਾਲ ਜੁੜੇ ਰਹੇ। ਉਨ੍ਹਾਂ ਦਾ ਜਨਮ 10 ਮਾਰਚ 1942 ਨੂੰ ਪਾਕਿਸਤਾਨ ਵਿਖੇ ਹੋਇਆ। ਉਹ ਅਪਣੇ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਧ ਗੁਰੂ ਸੰਗਤ ਵਾਲੇ ਅਤੇ ਹਮੇਸ਼ਾ ਨਾਮ ਰਸ ਵਿਚ ਰੰਗੇ ਰਹਿਣ ਵਾਲੇ ਸਨ। 1973 ਵਿਚ ਉਨ੍ਹਾਂ ਨੇ ਜੀਵਨ ਦੀ ਨਵੀਂ ਸ਼ੁਰੂਆਤ ਅਖੰਡ ਕੀਰਤਨੀ ਜੱਥੇ ਦੇ ਮੁੱਖ ਸੇਵਾਦਾਰ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਨਾਲ ਵਿਆਹ ਬੰਧਨ 'ਚ ਬੰਧ ਕੇ ਕੀਤੀ। ਉਨ੍ਹਾਂ ਆਪਣੀ ਕਰਮ ਭੂਮੀ ਅਧਿਆਪਨ ਪੇਸ਼ੇ ਵਜੋਂ ਚੁਣੀ ਤੇ 1971 ਤੋਂ ਲੈ ਕੇ ਮਾਰਚ 2001 ਤੱਕ ਸੇਵਾਰਤ ਰਹੇ ਅਤੇ ਚੰਡੀਗੜ੍ਹ ਦੇ ਸਰਕਾਰੀ ਮਾਡਲ ਸਕੂਲ, ਸੈਕਟਰ 45 ਬਤੌਰ ਪ੍ਰਿੰਸੀਪਲ ਸੇਵਾਮੁਕਤ ਹੋਏ। ਸਾਰਾ ਜੀਵਨ ਉਨ੍ਹਾਂ ਮਾਇਆ ਰਾਹੀਂ ਅਤੇ ਹੋਰ ਬੇਅੰਤ ਅਖੰਡ ਕੀਰਤਨੀ ਜੱਥੇ ਵਿਚ ਮੋਹਰੀ ਹੋ ਕੇ ਸੇਵਾਵਾਂ ਜਾਰੀ ਰੱਖੀਆਂ। ਉਨ੍ਹਾਂ ਦੇ ਸੁਭਾਅ ਕਰਕੇ ਅਨੇਕਾਂ ਬੱਚਿਆਂ ਨੇ ਗੁਰੂ ਲੱੜ ਲੱਗ ਕੇ ਆਪਣਾ ਜੀਵਨ ਸਵਾਰਿਆ। ਹਮੇਸ਼ਾ ਪ੍ਰੇਮ ਅਤੇ ਸਤਿਕਾਰ ਨਾਲ ਪੇਸ਼ ਆਉਣ ਵਾਲੇ ਬੀਬੀ ਜੀ ਨੇ ਆਪਣੇ ਪੱਲਿਓਂ ਪੈਸੇ ਖਰਚ ਕਰਕੇ ਪਤਾ ਨਹੀਂ ਕਿੰਨੇ ਗਰੀਬ ਅਤੇ ਲੋੜਵੰਦ ਬੱਚਿਆਂ ਨੂੰ ਮੁਫਤ ਵਿਦਿਆ ਪ੍ਰਦਾਨ ਕਰਾਈ। ਅੱਜ ਵੀ ਉਨ੍ਹਾਂ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਸਕੂਲਾਂ ਵਿਚ ਮਿਸਾਲ ਵੱਜੋਂ ਯਾਦ ਕੀਤਾ ਜਾਂਦਾ ਹੈ। ਬੀਬੀ ਕੁਲਵੰਤ ਕੌਰ ਹੋਰਾਂ ਦੇ ਅਨੇਕਾਂ ਸ਼ੁਭਚਿੰਤਕਾਂ ਵਾਸਤੇ ਉਨ੍ਹਾਂ ਦਾ ਸੰਸਾਰ ਤੋਂ ਤੁਰ ਜਾਣਾ ਗਵਾਰਾ ਨਹੀਂ ਹੋ ਰਿਹਾ। ਗੁਰੂ ਪ੍ਰਤੀ ਅਥਾਹ ਸਰਧਾ ਦੇ ਮਾਲਕ ਬੀਬੀ ਜੀ ਸਾਰੇ ਜੱਥੇ ਵਿਚ ਮਸ਼ਹੂਰ ਸੀ ਕਿ ਜਦੋਂ ਵੀ ਭਾਈ ਸਾਹਿਬ ਸਤਨਾਮ ਸਿੰਘ ਹੁਰਾਂ ਦੇ ਘਰ ਜੱਥੇ ਦੇ ਸਮਾਗਮ ਹੁੰਦੇ ਸਨ ਤਾਂ ਆਪ ਜੀ ਵੱਧ ਚੜ੍ਹ ਕੇ ਸੇਵਾ ਵਿਚ ਯੋਗਦਾਨ ਪਾਉਂਦੇ ਸਨ ਅਤੇ 2020 ਤੱਕ ਜਦੋਂ ਤੱਕ ਪ੍ਰਮਾਤਮਾ ਨੇ ਸਰੀਰਕ ਤੰਦਰੁਸਤੀ ਬਖਸ਼ੀ ਰੱਖੀ ਉਹ ਇਕਲੇ ਹੀ ਸਾਰੇ ਸਮਾਗਮ ਦਾ ਲੰਗਰ ਤਿਆਰ ਕਰ ਦਿੰਦੇ ਸਨ ਅਤੇ ਪ੍ਰੇਮ ਭਾਵਨਾ ਨਾਲ ਆਈ ਸੰਗਤ ਨੂੰ ਪਰੋਸਦੇ ਸਨ। ਅਜਿਹੀ ਨਾਮ ਬਾਣੀ ਨਾਲ ਜੁੜੀ ਰੂਹ ਦਾ ਤੁਰ ਜਾਣਾ ਪੰਥ ਲਈ ਨਾ ਪੂਰਾ ਹੋਣਾ ਵਾਲਾ ਘਾਟਾ ਹੈ, ਜਿਸਦੇ ਲਈ ਅਖੰਡ ਕੀਰਤਨੀ ਜੱਥਾ ਅਤੇ ਸੰਗਤਾਂ ਬੀਬੀ ਕੁਲਵੰਤ ਕੌਰ ਜੀ ਹੋਰਾਂ ਨੂੰ ਹਮੇਸ਼ਾ ਯਾਦ ਕਰਦੀਆਂ ਰਹਿਣਗੀਆਂ।

*(ਪੰਨਾ 32 ਦੀ ਬਾਕੀ)*

***ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥੧॥ਸਲੋਕ॥੧੧॥ ਅੰਗ - ੨੭੬***

ਜਦੋਂ ਸਮੁੱਚੀ ਮਨੁੱਖ ਜਾਤੀ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਮਹਾਂਵਾਕ ਅਨੁਸਾਰ ਇੱਕ ਪ੍ਰਭੂ ਪਿਤਾ ਦੀ ਸੰਤਾਨ ਹੈ, ਤਾਂ ਫਿਰ ਅੱਜ ਕਦਮ-ਕਦਮ ਤੇ, ਘਰ-ਘਰ ਵਿਚ, ਕੌਮਾਂ-ਕੌਮਾਂ ਵਿਚ, ਫ਼ਿਰਕਿਆਂ-ਫ਼ਿਰਕਿਆਂ ਵਿਚ ਮਜ਼ਹਬਾਂ-ਮਜ਼ਹਬਾ ਵਿਚ, ਊਚ-ਨੀਚ, ਜ਼ਾਤ-ਪਾਤ, ਆਪਣੇ-ਬੇਗਾਨੇ, ਗੋਰ-ਕਾਲੇ, ਅਮੀਰ-ਗਰੀਬ ਅਤੇ ਮਾੜੇ ਚੰਗੇ ਆਦਿ ਦੇ ਵਿਤਕਰੇ, ਭਿੰਨ-ਭੇਦ ਤੇ ਪਾੜੇ ਕਿਉਂ? ਜਦੋਂ ਕਿ ਗੁਰਬਾਣੀ ਕਹਿ ਰਹੀ ਹੈ -

***ਸਭੁ ਕੋ ਆਸੈ ਤੇਰੀ ਬੈਠਾ॥***
***ਘਟ ਘਟ ਅੰਤਰਿ ਤੂੰਹੈ ਵੁਠਾ॥***
***ਸਭੇ ਸਾਝੀਵਾਲ ਸਦਾਇਨਿ***
***ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥੩॥੯॥***
***ਅੰਗ - ੯੭***

ਗੁਰਬਾਣੀ ਵਿਚ ਜਿਥੇ ਨਾਮ-ਸਿਮਰਨ ਅਤੇ ਗੁਰੂ ਦੀ ਸੰਗਤ ਉਤੇ ਬਲ ਦਿੱਤਾ ਹੈ, ਉਥੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਵੰਡ ਛੱਕਣ ਦੇ ਸਿਧਾਂਤ ਉਤੇ ਵੀ ਪਹਿਰਾ ਦੇਣ ਲਈ ਪੂਰਨ ਤਾਕੀਦ ਕੀਤੀ ਗਈ ਹੈ -

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥੧॥੨੨॥***
***ਅੰਗ - ੧੨੪੫***

ਸੇਵਾ ਕਰਨ ਸੰਬੰਧੀ ਮਖ਼ਲੂਕ ਨੂੰ ਇਉਂ ਸੁਨੇਹਾ ਦਿੱਤਾ ਹੈ -

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸੁ ਕਉ ਹੋਤ ਪਰਾਪਤਿ ਸੁਆਮੀ॥੨॥੧੮॥***
***ਅੰਗ - ੨੮੬***

ਅਤੇ ਗੁਰਬਾਣੀ ਵਿਚ ਜ਼ਿੰਦਗੀ ਦਾ ਸੱਚਾ ਸੁੱਚਾ ਮਾਰਗ ਇਹ ਦੱਸਿਆ ਹੈ -

***ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥***
***ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥੧॥੧੭॥ ਅੰਗ - ੫੨੨***

## Statement of Income & Expenditure for the Month of August 2023 of *Atam Rang*

| | | |
|---|---|---|
| 1. | M/s Jai Offset Printers | 32,000.00 |
| 2. | Cost of Service Stamps | 12,600.00 |
| 3. | Cost of envelops & Printing | 12,000.00 |
| 4. | Cost of Sticker & Printing | 4,000.00 |
| 5. | Previous balance | 1,27,158.00 |
| | **Total Expenditure upto 31.08.2023** | **1,87,758.00** |
| | Donation | 1,00,877.00 |
| | Membership | 800.00 |
| | Sale of Books at Ambala Samagam | 2,370.00 |
| | **Total Income** | **1,04,047.00** |
| | **Expenditure** | **1,87,758.00** |
| | **Income** | **1,04,047.00** |
| | **Difference** | **(-) 83,711.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 17 ਸਤੰਬਰ |
| ਪੂਰਨਮਾਸ਼ੀ | 29 ਸਤੰਬਰ |
| ਮੱਸਿਆ | 14-15 ਸਤੰਬਰ |
| ਪੰਚਮੀ | 20 ਸਤੰਬਰ |
| **ਗੁਰਪੁਰਬ** | |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ | 16 ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | 17 ਸਤੰਬਰ |
| ਜੋਤੀ ਜੋਤਿ ਸ੍ਰੀ ਗੁਰੂ ਰਾਮਦਾਸ ਜੀ | 18 ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ | 27 ਸਤੰਬਰ |
| ਜੋਤੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ | 29 ਸਤੰਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸਹਾਇਤਾ ਆਤਮ ਰੰਗ ਅਗਸਤ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਬੀਬੀ ਕੁਲਵੰਤ ਕੌਰ ਜੀ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਉਹਨਾਂ ਦੀ ਅੰਤਿਮ ਅਰਦਾਸ ਸਮੇਂ ਪਰਿਵਾਰ ਵੱਲੋਂ | 50,000.00 |
| ◆ ਭਾਈ ਗੁਰਜੰਟ ਸਿੰਘ ਜੀ ਚੰਡੀਗੜ੍ਹ, ਸ਼ਿਮਲਾ ਸਮਾਗਮ ਤੇ | 500.00 |
| ◆ ਭਾਈ ਇਕਬਾਲ ਸਿੰਘ ਜੀ ਮੇਰਠ, ਸ਼ਿਮਲਾ ਸਮਾਗਮ ਤੇ | 10,000.00 |
| ◆ ਭਾਈ ਗਜਿੰਦਰ ਸਿੰਘ ਜੀ ਚੰਡੀਗੜ੍ਹ, ਸ਼ਿਮਲਾ ਸਮਾਗਮ ਤੇ | 2,500.00 |
| ◆ ਭਾਈ ਅਜੀਤ ਸਿੰਘ ਜੀ ਸ਼ਿਮਲਾ, ਸ਼ਿਮਲਾ ਸਮਾਗਮ ਤੇ | 3,100.00 |
| ◆ ਭਾਈ ਜਪਨੀਤ ਸਿੰਘ ਜੀ ਦਿੱਲੀ, ਸ਼ਿਮਲਾ ਸਮਾਗਮ ਤੇ | 500.00 |
| ◆ ਭਾਈ ਤੀਰਥ ਸਿੰਘ ਜੀ, ਸ਼ਿਮਲਾ ਸਮਾਗਮ ਤੇ | 500.00 |
| ◆ ਭਾਈ ਤਰੁਨ ਸਿੰਘ ਜੀ ਮੇਰਠ, ਸ਼ਿਮਲਾ ਸਮਾਗਮ ਤੇ | 5,000.00 |
| ◆ ਭਾਈ ਗੁਰਬੀਰ ਸਿੰਘ ਜੀ ਚੰਡੀਗੜ੍ਹ | 10,000.00 |
| ◆ ਅਖੰਡ ਕੀਰਤਨੀ ਜੱਥਾ ਅੰਬਾਲਾ, ਅੰਬਾਲਾ ਸਮਾਗਮ ਤੇ ਮਾਰਪਤ ਕਾਲੜਾ ਸਾਹਿਬ | 3,100.00 |
| ◆ ਭਾਈ ਕੇਹਰ ਸਿੰਘ ਜੀ, ਅੰਬਾਲਾ ਸਮਾਗਮ ਤੇ | 1,100.00 |
| ◆ ਹਿੰਦ ਦੀ ਚਾਦਰ ਬਿਰਦ ਆਸ਼ਰਮ, ਬਾਬਾ ਬਕਾਲਾ, ਅੰਬਾਲਾ ਸਮਾਗਮ ਤੇ | 500.00 |
| ◆ ਇੰਦਰਜੀਤ ਪ੍ਰੋਪਰਟੀਜ, ਚੰਡੀਗੜ੍ਹ | 1,100.00 |
| ◆ ਬੀਬੀ ਕੁਲਵੰਤ ਕੌਰ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਗ੍ਰਿਹ ਵਿਖੇ 19 ਅਗਸਤ ਨੂੰ ਹੋਏ ਸਮਾਗਮ ਤੇ ਗੋਲਕ | 2,977.00 |
| **ਕੁਲ ਜੋੜ** | **1,04,047.00** |

*(ਪੰਨਾ 25 ਦੀ ਬਾਕੀ)*

ਵਧੇਰੇ ਮੈਲ ਲਗ ਜਾਂਦੀ ਹੈ। ਇਹ ਸਾਰੇ ਆਪੇ ਬਣ ਬੈਠੇ ਦੇਹਧਾਰੀ ਗੁਰੂ ਚਿੱਕੜ-ਬੋੜਣੀਆਂ ਛਪੜੀਆਂ ਹਨ।

ਸੱਚਾ ਅੰਮ੍ਰਿਤ ਸਾਗਰ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਦੇਵ ਗੁਰੂ ਹੀ ਹੈ। ਯਥਾ ਗੁਰਵਾਕ -

***ਗੁਰੁ ਸਾਗਰੁ ਰਤਨੀ ਨਹੀ ਤੋਟ॥***
***ਲਾਲ ਪਦਾਰਥ ਸਾਚੁ ਅਖੋਟ ...॥੨੭॥ ਅੰਗ - ੯੩੩***

ਇਹ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਸਾਗਰ ਹੀ ਹੈ, ਜਿਸ ਵਿੱਚ ਅਤੁੱਟ ਰਤਨ ਅਤੇ ਅੱਖੁਟ ਲਾਲ ਰੂਪੀ ਸੱਚੇ ਪਦਾਰਥ ਭਰੇ ਪਏ ਹਨ। ਇਹ ਗੁਰੂ ਰੂਪੀ ਸਾਗਰ ਐਸਾ ਰਤਨਾਗਰ ਹੈ ਜੋ ਅੰਮ੍ਰਿਤ ਮਜਨੇਰੇ ਘਨੇਰੇ ਰਤਨਾਂ ਨਾਲ ਭਰਿਆ ਪਿਆ ਹੈ, ਜਿਸ ਵਿਚ ਮਜਨ ਕੀਤਿਆਂ ਸਪਤ ਸਰੋਵਰਾਂ ਦੇ ਇਸ਼ਨਾਨ ਦਾ ਫਲ ਪ੍ਰਾਪਤਿ ਹੋਣਾ ਹੈ ਅਤੇ ਸਪਤ ਸਰੋਵਰਾਂ ਦੇ ਮਜਨ ਨਾਲੋਂ ਵਿਲਖਣਤਾ ਇਹ ਹੈ ਕਿ ਇਸ ਵਿਚ ਨ੍ਹਾਤਿਆਂ ਅੰਮ੍ਰਿਤ-ਮਜਨੀ-ਇਸ਼ਨਾਨ ਹੁੰਦਾ ਹੈ ਅਤੇ ਮਨ ਦੀ ਸਗਲੀ ਮੈਲ ਕਟੀ ਜਾ ਕੇ ਪੂਰਨ ਨਿਰਮਲਤਾ ਮਿਲਦੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰ-ਸਾਗਰ ਐਸਾ ਅੰਮ੍ਰਿਤ ਸਰੋਵਰ ਹੈ ਕਿ ਜਿਸ ਤੋਂ ਮਨ-ਇੱਛੇ ਪਾਰਜਾਤੀ ਫਲ ਮਿਲਦੇ ਹਨ। ਨਾਮ ਰੂਪੀ ਅਮਰ ਪਦਾਰਥ ਜੇਕਰ ਮਿਲਦਾ ਹੈ ਤਾਂ ਇਸੀ (ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ) ਸਾਗਰ ਤੋਂ ਮਿਲਦਾ ਹੈ, ਜਿਸ ਨੂੰ ਹਿਰਦੇ ਵਿਚ ਵਸਾਉਣ ਕਰਿ ਅਮਰ ਪਦਵੀ ਨੂੰ ਪ੍ਰਾਪਤ ਹੋਈਦਾ ਹੈ। ਯਥਾ ਗੁਰਵਾਕ -

***ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ॥***
***ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ॥੭॥੮॥੫॥***
***ਅੰਗ - ੧੦੧੧-੧੨***

ਤਾਂ ਤੇ ਅੰਮ੍ਰਿਤ ਸਰੋਵਰ ਸਤਿਗੁਰ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਨਾਮ ਦਾ ਪੂਰਾ ਭੰਡਾਰ ਅਤੇ ਭੰਡਾਰੀ ਤੇ ਉੱਤਮ ਰਤਨ ਅਪਾਰ ਜਵਾਹਰਾਂ ਦਾ ਜਵਾਹਰੀ ਹੈ। ਇਹੀ ਸੱਚੀ-ਦਾਤਿ ਸਿਮਰਨ ਦਾ ਦਾਤਾਰੀ ਹੈ। ਇਸ ਗੁਰੂ ਬਿਨਾਂ ਨਾ ਹੀ ਹੋਰ ਕੋਈ ਗੁਰੂ ਹੈ ਤੇ ਨਾ ਕੋਈ ਸਿਮਰਨ-ਦਾਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਗੁਰੂ ਬਾਝੋਂ ਸਿਮਰਨ-ਭਗਤੀ ਹੀ ਨਹੀਂ ਹੋ ਸਕਦੀ। *(ਟ੍ਰੈਕਟ ਸ਼ਬਦ ਗੁਰੂ ਵਿਚੋਂ)*

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

ਜੁਗੋ ਜੁਗ ਅਟੱਲ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ

ਲੱਖੀ ਜੰਗਲ ਖਾਲਸਾ ਆਇ ਦੀਦਾਰ ਲਗੋ ਨੇ।।



# ਸਲਾਨਾ ਅਖੰਡ ਕੀਰਤਨ ਸਮਾਗਮ

## ਮਿਤੀ 28 ਸਤੰਬਰ ਤੋਂ 01 ਅਕਤੂਬਰ 2023 ਤੱਕ

## ਗੁ: ਸੰਤ ਭਾਈ ਸੁਹੇਲ ਸਿੰਘ ਜੀ,

**ਗੋਨਿਆਣਾ ਮੰਡੀ (ਬਠਿੰਡਾ) ਵਿਖੇ**

**ਪ੍ਰੋਗਰਾਮ**

28-09-2023 ਗੁ: ਅਨੰਦਗੜ੍ਹ ਸਾਹਿਬ, ਬਾਜਾਖਾਨਾ ਸ਼ਾਮ 6-00 ਵਜੇ ਤੋਂ 9-00 ਤੱਕ

29-09-2023 ਗੁ: ਲੱਖੀ ਜੰਗਲ ਸਾਹਿਬ ਸਵੇਰੇ 9-00 ਵਜੇ ਤੋਂ 12-00 ਤੱਕ

29-09-2023 ਗੁ: ਸਿੰਘ ਸਭਾ, ਬਠਿੰਡਾ ਸ਼ਾਮ 6-00 ਵਜੇ ਤੋਂ 10-00 ਤੱਕ

30-09-2023 ਗੁ: ਭਾਈ ਸੁਹੇਲ ਸਿੰਘ, ਗੋਨਿਆਣਾ ਮੰਡੀ ਸਵੇਰੇ 8-00 ਤੋਂ ਦੁਪਹਿਰ ਤੱਕ

**30-09-2023 ਕੀਰਤਨ ਰੈਣ ਸਬਾਈ ਗੁ: ਸੰਤ ਭਾਈ ਸੁਹੇਲ ਸਿੰਘ ਜੀ, ਗੋਨਿਆਣਾ ਮੰਡੀ ਸ਼ਾਮ 7-00 ਤੋਂ ਅਗਲੀ ਸਵੇਰ 4-00 ਵਜੇ ਤੱਕ**

ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ
**ਗੁ: ਸੰਤ ਭਾਈ ਸੁਹੇਲ ਸਿੰਘ**
ਜੀ ਵਿਖੇ ਹੋਵੇਗਾ।

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ।

ਸਮਾਗਮ ਦਾ ਲਾਈਵ ਪ੍ਰਸਾਰਣ Gurbani Kirtan Laha, AKJ. org, AKJ Goniana

ਦਾਸਰੇ ਅਖੰਡ ਕੀਰਤਨੀ ਜੱਥਾ ਅਤੇ ਸਮੂਹ ਸਾਧ ਸੰਗਤ ਗੋਨਿਆਣਾ ਮੰਡੀ।

ਸੰਪਰਕ ਨੰ: 98770-95796, 94637-17783, 94174-48593


ਸਾਲਾਨਾ ਅਖੰਡ ਕੀਰਤਨ ਸਮਾਗਮ
ਦੋਰਾਹਾ -2023
ਗੁਰਦੁਆਰਾ ਸਿੰਘ ਸਭਾ ( ਰੇਲਵੇ ਰੋਡ ਦੋਰਾਹਾ )
ਮਿਤੀ :- ( 31/8/23) ਤੋ ( 3/9/ 23 )
ਦਿਵਸ ਸੁਹੇਲਾ ਸਮਾਗਮ
ਮਿਤੀ :- ( 2/9/23 )
ਅੰਮ੍ਰਿਤ ਵੇਲੇ ਤੋ ਦੁਪਿਹਰ
2 ਵਜੇ ਤੱਕ
ਸ਼ਾਮ ਸੋਦਰ ਉਪਰੰਤ ਰੈਣ
ਸਬਾਈ ਕੀਰਤਨ ਅਰੰਭ
ਹੋਣਗੇ ਜੀ ਤੇ ਸਮਾਪਤੀ ਸਵੇਰੇ
5 ਵਜੇ ਹੋਵੇਗੀ ਜੀ |
(ਟਾਇਮ ਸਿਰ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ )
ਦਾਸਰੇ :- ਅਖੰਡ ਕੀਰਤਨੀ ਜੱਥਾ ਦੋਰਾਹਾ
9855717221 ,98140-97699,97808-49371,62839-
47885,84271-13051,98789-91042, 94636-02321



# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ

# ਸਾਲਾਨਾ ਅਖੰਡ ਕੀਰਤਨ ਸਮਾਗਮ
## ਪਾਨੀਪਤ

ਮਿਤੀ 8 ਅਤੇ 9 ਸਤੰਬਰ 2023, ਦਿਨ ਸ਼ੁਕਰਵਾਰ, ਸ਼ਨੀਵਾਰ

**8 ਸਤੰਬਰ 2023, ਦਿਨ ਸ਼ੁਕਰਵਾਰ**
ਸ਼ਾਮ 7:00 ਵਜੇ ਤੋਂ ਰਾਤ 9:30 ਵਜੇ ਤਕ
**ਗੁਰਦੁਆਰਾ ਸੰਤ ਭਾਈ ਨਰੈਣ ਸਿੰਘ ਜੀ**
ਵਾਰਡ ਨੰ. 7, ਅਮਰ ਭਵਨ ਚੌਕ, ਪਾਨੀਪਤ

**ਦਿਵਸ ਸੁਹੇਲਾ ਸਮਾਗਮ**
**9 ਸਤੰਬਰ 2023, ਦਿਨ ਸ਼ਨੀਵਾਰ**
ਸਵੇਰੇ 6:30 ਵਜੇ ਤੋਂ ਦੁਪਹਿਰ 1:00 ਵਜੇ ਤਕ
ਗੁਰਦੁਆਰਾ ਸ਼੍ਰੀ ਗੁਰੂ ਅਮਰਦਾਸ ਜੀ ਸਿੰਘ ਸਭਾ, ਸੈਕਟਰ 13-17, ਪਾਨੀਪਤ

## ਰੈਣ ਸਬਾਈ ਕੀਰਤਨ

**9 ਸਤੰਬਰ 2023, ਦਿਨ ਸ਼ਨੀਵਾਰ**
**ਗੁਰਦੁਆਰਾ ਸ਼੍ਰੀ ਗੁਰੂ ਅਮਰਦਾਸ ਜੀ ਸਿੰਘ ਸਭਾ, ਸੈਕਟਰ 13-17, ਪਾਨੀਪਤ**
ਸ਼ਾਮ 7:00 ਵਜੇ ਤੋਂ ਸਵੇਰੇ ਅੰਮ੍ਰਿਤ ਵੇਲੇ ਤੱਕ ਹੋਵੇਗੀ

ਨੋਟ :-
1. ਇਸ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਕੀਰਤਨੀ ਸਿੰਘ ਅਤੇ ਸਿੰਘਣੀਆਂ ਹਾਜਰੀ ਭਰਣਗੇ।
2. ਬਾਹਰੋਂ ਆਇਆਂ ਸੰਗਤਾਂ ਲਈ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਸੈਕਟਰ 13-17 ਵਿਚ ਹੋਵੇਗਾ
3. ਸਾਰੇ ਸਮਾਗਮਾਂ ਉਪਰੰਤ ਗੁਰੂ ਦੇ ਲੰਗਰ ਅਤੁਟ ਵਰਤਨਗੇ ਜੀ।

SCAN TO LOCATION

**ਦਾਸਰੇ : ਅਖੰਡ ਕੀਰਤਨੀ ਜੱਥਾ ਪਾਨੀਪਤ**
(M) 70154-71112, 96716-65302, 88139-24133

AKJ.ORG LIVE

ਸਹਿਯੋਗ:- ਸਮੂਹ ਸਾਧ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਨੀਪਤ

Print By Guru Nanak Graphics :- 90344-88757

ਧੰਨ-ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ

# ਅਖੰਡ ਕੀਰਤਨੀ ਜੱਥਾ ਨਵਾਂਸ਼ਹਿਰ ਵਲੋਂ

# ਸਲਾਨਾ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ

**7 ਅਕਤੂਬਰ 2023 ਦਿਨ ਸ਼ਨੀਵਾਰ ਰਾਤ ਨੂੰ ਗੁਰ: ਸਿੰਘ ਸਭਾ ਨਵਾਂਸ਼ਹਿਰ ਵਿਖੇ ਰੈਣਿ ਸਬਾਈ ਕੀਰਤਨ ਹੋਣਗੇ।**

ਦਿਵਸ ਸੁਹੇਲਾ ਸਮਾਗਮ: 7 ਅਕਤੂਬਰ ਦਿਨ ਸ਼ਨੀਵਾਰ 8 ਵਜੇ ਤੋਂ 2 ਵਜੇ ਤੱਕ ਗੁ: ਸਿੰਘ ਸਭਾ ਨਵਾਂਸ਼ਹਿਰ ਵਿਖੇ ਅਮ੍ਰਿਤ ਸੰਚਾਰ ਸਮਾਗਮ ਸਵੇਰੇ 10 ਵਜੇ ਆਰੰਭ ਹੋਣਗੇ



**30 ਸਤੰਬਰ 2023 ਤੋਂ 6 ਅਕਤੂਬਰ ਤੱਕ ਰੋਜਾਨਾ ਸ਼ਾਮ 6 ਤੋਂ 9.30 ਵਜੇ ਤੱਕ ਅਖੰਡ ਕੀਰਤਨ ਸਮਾਗਮ**

- 30 ਸਤੰਬਰ ਗੁਰਦੁਆਰਾ ਸਿੰਘ ਸਭਾ ਰਾਹੋਂ ਲਾਰੀਆਂ ਬੱਸ ਅੱਡਾ
- 1 ਅਕਤੂਬਰ ਗੁਰਦੁਆਰਾ ਸੰਗਤਪੁਰਾ, ਪੰਡੋਰਾ ਮੁਹੱਲਾ ਨਵਾਂਸ਼ਹਿਰ
- 2 ਅਕਤੂਬਰ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਰਾਹੋਂ ਰੋਡ ਨਵਾਂਸ਼ਹਿਰ
- 3 ਗੁਰਦੁਆਰਾ ਸ਼੍ਰੀ ਗੁਰੂ ਰਵੀਦਾਸ ਜੀ ਪਿੰਡ ਮੱਲਪੁਰ ਅੱੜਕਾਂ
- 4 ਅਕਤੂਬਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਪਿੰਡ ਦੁਰਗਾਪੁਰ
- 5 ਅਕਤੂਬਰ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਨਵਾਂਸ਼ਹਿਰ
- 6 ਅਕਤੂਬਰ ਗੁਰਦੁਆਰਾ ਗੁਰੂ ਅੰਗਦ ਨਗਰ, ਚੰਡੀਗੜ੍ਹ ਰੋਡ ਨਵਾਂਸ਼ਹਿਰ

ਸਹਿਯੋਗੀ ਜੱਥੇਬੰਦੀਆਂ, ਸ਼੍ਰੀ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ, ਮਾਤਾ ਗੁਜਰ ਕੌਰ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ, ਮਾਤਾ ਸਾਹਿਬ ਕੌਰ ਜੀ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਸਿੰਘ ਸਭਾ ਨਵਾਂਸ਼ਹਿਰ

**ਵਲੋਂ : ਪ੍ਰਬੰਧਕ ਕਮੇਟੀ ਗੁਰ: ਸਿੰਘ ਸਭਾ ਨਵਾਂਸ਼ਹਿਰ, ਕਲਗੀਧਰ ਸੇਵਕ ਜਥਾ ਕਾਹਮਾ, ਅਖੰਡ ਕੀਰਤਨੀ ਜਥਾ ਨਵਾਂਸ਼ਹਿਰ, ਬੰਗਾ, ਫਗਵਾੜਾ, ਸ਼੍ਰੀ ਗੁਰੂ ਰਾਮ ਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਸਮੂਹ ਧਾਰਮਿਕ ਜੱਥੇਬੰਦੀਆਂ**

ਸਮਾਗਮ ਦਾ ਲਾਈਵ ਪ੍ਰਸਾਰਣ akj.org ਅਤੇ akj.Punjab ਦੇ ਮਾਧਿਅਮ ਰਾਹੀਂ ਕੀਤਾ ਜਾਵੇਗਾ

ਸੰਪਰਕ : 94630-64005, 92561-13419, 98554-01864, 99884-36519, 98728-92544, 99887- 16000, 90416-17330, 82839-08975

J.S. KAHMA 94630-64005

ਨੋਟ: 22 ਸਤੰਬਰ ਦਿਨ ਸ਼ੁੱਕਰਵਾਰ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਕਾਹਮਾ ਵਿਖੇ ਅਖੰਡ ਕੀਰਤਨ ਸਮਾਗਮ ਹੋਣਗੇ।
9 ਦਸੰਬਰ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਚੰਰਨ ਕੰਵਲ ਸਾਹਿਬ ਬੰਗਾ ਵਿਖੇ ਰੈਣਿ ਸਬਾਈ ਕੀਰਤਨ ਹੋਣਗੇ।

# ਸਾਲਾਨਾ ਅਖੰਡ ਕੀਰਤਨ ਸਮਾਗਮ

## ਮਿਤੀ 18.10.2023 ਤੋਂ ਲੈ ਕੇ 24.10.2023 ਤੱਕ

ਹਰ ਸਾਲ ਦੀ ਤਰ੍ਹਾਂ ਇਸ ਸਾਲ ਭੀ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਦਿੱਲੀ ਮਿਤੀ 18.10.2023 ਤੋਂ ਲੈ ਕੇ 24.10.2023 ਤੱਕ ਅਖੰਡ ਕੀਰਤਨੀ ਜੱਥਾ, ਦਿੱਲੀ (ਰਜਿ.) ਵੱਲੋਂ ਦਿੱਲੀ ਦੇ ਵੱਖ-ਵੱਖ ਇਤਿਹਾਸਿਕ ਗੁਰਦੁਆਰਿਆਂ ਵਿੱਚ ਮਨਾਈਆ ਜਾ ਰਿਹਾ ਹੈ। ਸੰਗਤਾਂ ਨੋਟ ਕਰ ਲੈਣ ਜੀ।ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ।

- ਦਾਸਰੇ -

**ਅਖੰਡ ਕੀਰਤਨੀ ਜੱਥਾ ਦਿੱਲੀ (ਰਜਿ.)**

98103-63924, 98990-06748, 99584-46292


ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ
ਸਲਾਨਾ ਅਖੰਡ ਕੀਰਤਨ ਰੈਣ ਸਬਾਈ ਸਮਾਗਮ
ਪਿੰਡ ਹਾਂਸ ਕਲਾਂ,ਨੇੜੇ ਚਚਰਾੜੀ, ਤਹਿ: ਜਗਰਾਉਂ (ਲੁਧਿਆਣਾ) ਵਿਖੇ
ਮਿਤੀ 9 ਸਤੰਬਰ 2023 ਦਿਨ ਸ਼ਨੀਵਾਰ ਨੂੰ
ਸ਼ਾਮ 7 ਵਜੇ ਤੋਂ 10 ਸਤੰਬਰ 2023 ਸਵੇਰੇ 5 ਵਜੇ ਤੱਕ
ਅੰਮ੍ਰਿਤ ਸੰਚਾਰ ਸਮਾਗਮ
ਰਾਤ ਨੂੰ 8:30 ਵਜੇ ਹੋਣਗੇ
ਆਪ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਜਾਂਦੀ ਹੈ ਜੀ ਆਪ ਆਪਣੇ
ਪਰਿਵਾਰਾਂ ਸਮੇਤ ਦਰਸ਼ਨ ਦੇ ਕੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।
ਨੋਟ:-ਸਮਾਗਮ ਪਿੰਡ ਦੇ ਵੱਡੇ ਗੁਰਦੁਆਰਾ ਸਾਹਿਬ ਵਿੱਖੇ ਹੋਵੇਗਾ
ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ
ਬੇਨਤੀ ਕਰਤਾ :- ਸਮੂਹ ਨਗਰ ਨਿਵਾਸੀ, ਗੁਰਦੁਆਰਾ ਪ੍ਰਬੰਧਕ ਕਮੇਟੀ
(ਪਿੰਡ ਹਾਂਸ ਕਲਾਂ,ਤਹਿ : ਜਗਰਾਉਂ, ਜਿਲ੍ਹਾ ਲੁਧਿਆਣਾ)
Live on. www.AKJ.org
-: ਸੰਪਰਕ :-
98556-65580,98159-35909

## ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
## ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥



















ਬੀਬੀ ਕੁਲਵੰਤ ਕੌਰ ਜੀ ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਤੇ ਮਾਤਾ ਜੀ ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ, ਆਤਮ ਰੰਗ ਮੈਗਜੀਨ ਤੇ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਜੋ ਮਿਤੀ 20.07.2023 ਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਣਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਮਿਤੀ 25.07.2023 ਦਿਨ ਮੰਗਲਵਾਰ ਨੂੰ ਅੰਮ੍ਰਿਤ ਵੇਲੇ ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ 9.00 ਵਜੇ ਤੋਂ ਲੈ ਕੇ 3.00 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਈ।ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਬੈਰਾਗਮਈ ਕੀਰਤਨ ਕਰਕੇ ਉਸ ਪਿਆਰੀ ਨੂੰ ਅਸੀਸਾਂ, ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸਾਂ, ਜੋਦੜੀਆਂ ਕੀਤੀਆਂ ਕਿ ਉਹ ਇਸ ਪਿਆਰੀ ਨੂੰ ਆਵਾਗਉਣ ਦੇ ਚੱਕਰ ਤੋਂ ਬਚਾ ਕੇ ਸਦਾ ਲਈ ਅਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮਨਣ ਦਾ ਬੱਲ ਬਖਸ਼ਣ।

## ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥

















ਬੀਬੀ ਕੁਲਵੰਤ ਕੌਰ ਜੀ ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਤੇ ਮਾਤਾ ਜੀ ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ, ਆਤਮ ਰੰਗ ਮੈਗਜੀਨ ਤੇ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਜੋ ਮਿਤੀ 20.07.2023 ਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਮਿਤੀ 25.07.2023 ਦਿਨ ਮੰਗਲਵਾਰ ਨੂੰ ਅੰਮ੍ਰਿਤ ਵੇਲੇ ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ 9.00 ਵਜੇ ਤੋਂ ਲੈ ਕੇ 3.00 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਬੈਰਾਗਮਈ ਕੀਰਤਨ ਕਰਕੇ ਉਸ ਪਿਆਰੀ ਨੂੰ ਅਸੀਸਾਂ, ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸਾਂ, ਜੋਦੜੀਆਂ ਕੀਤੀਆਂ ਕਿ ਉਹ ਇਸ ਪਿਆਰੀ ਨੂੰ ਆਵਾਗਉਣ ਦੇ ਚੱਕਰ ਤੋਂ ਬਚਾ ਕੇ ਸਦਾ ਲਈ ਅਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮਨਣ ਦਾ ਬੱਲ ਬਖਸ਼ਣ।

## ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥



















ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 27.07.2023 ਤੋਂ ਲੈ ਕੇ 30.07.2023 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋਡ, ਸ਼ਿਮਲਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

# ATAM RANG
## September 2023

Postal Regd. No.
CHDG/0025/2021-23

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥


















ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 27.07.2023 ਤੋਂ ਲੈ ਕੇ 30.07.2023 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋਡ, ਸ਼ਿਮਲਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Design & Print: Jai Offset Printers 0172-4616905